# ਗੁਰੂ ਤੇਗ ਬਹਾਦਰ ਸਾਹਿਬ
# (੧੬੨੧-੧੬੭੫; ਗੁਰਗੱਦੀ ੧੬੬੪-੧੬੭੫)

ਕੇਵਲ 'ਬਾਬਾ ਬਕਾਲੇ' ਇੱਕ ਸੰਕੇਤ ਸੀ ਜੋ ਗੁਰੂ ਹਰਿਕਿਸ਼ਨ ਸਾਹਿਬ ਨੇ ਅਗਲੇ ਗੁਰੂ ਸਾਹਿਬ ਸਬੰਧੀ ਦਿਤਾ। ਜਿਉਂ ਹੀ ਇਸਦੀ ਖਬਰ ਬਕਾਲਾ ਪਿੰਡ ਵਿੱਚ ਪੁਜੀ, ਬਾਈ ਸੋਢੀਆਂ [1], ਜਿਹਨਾ ਵਿੱਚ ਬਾਬਾ ਧੀਰਮੱਲ, ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ, ਵੀ ਸਨ, ਨੇ ਆਪਣੀਆਂ ਮੰਜੀਆਂ ਡਾਹ ਲਈਆਂ ਅਤੇ ਆਪਣੇ ਆਪ ਨੂੰ ਨੌਵਾਂ ਗੁਰੂ ਦੱਸਣ ਲਗ ਗਏ। ਸਿੱਖ ਬੜੀ ਘਬਰਾਹਟ ਵਿੱਚ ਸਨ ਕਿਉਕਿ ਉਹਨਾਂ ਨੂੰ ਅਸਲੀ ਗੁਰੂ ਦਾ ਪਤਾ ਨਹੀਂ ਲਗ ਰਿਹਾ ਸੀ। ਮੱਖਣ ਸ਼ਾਹ ਲੁਬਾਣਾ ਜਿਹਲਮ ਜ਼ਿਲ੍ਹੇ ਦਾ ਵਪਾਰੀ ਸੀ। ਜਦ ਉਸਦਾ ਵਪਾਰਕ ਮਾਲ ਨਾਲ ਭਰਿਆ ਜਹਾਜ਼ ਡੁੱਬਣ ਲਗਾ ਤਾਂ ਉਸਨੇ ਗੁਰੂ ਨਾਨਕ ਜੀ ਦਾ ਧਿਆਨ ਕਰਕੇ ਅਰਦਾਸ ਕੀਤੀ ਅਤੇ ਪ੍ਰਤਿਗਿਆ ਕੀਤੀ ਸੀ ਕਿ ਜੇ ਉਸਦਾ ਜਹਾਜ਼ ਠੀਕ ਠੀਕ ਕੰਢੇ ਲਗ ਜਾਵੇ ਤਾਂ ਪੰਜਸੌ ਸੋਨੈ ਦੀ ਮੋਹਰ ਭੇਟਾ ਕਰੇਗਾ। (ਕਈ ਕਹਿੰਦੇ ਹਨ ਕਿ ਉਸਨੇ ੧੦੧ ਸੋਨੇ ਦੀਆਂ ਮੋਹਰਾਂ ਭੇਟ ਕਰਨ ਦੀ ਪ੍ਰਤਿਗਿਆ ਕੀਤੀ ਸੀ।) ਮੱਖਣ ਸ਼ਾਹ ਲੁਬਾਣਾ ਬਕਾਲਾ ਪਿੰਡ ਆਇਆ ਗੁਰੂ ਜੀ ਅੱਗੇ ਮੋਹਰਾਂ ਭੇਟਾ ਕਰਨ। ਉਸਨੇ ਜਦ ਸੋਢੀਆਂ ਦੀਆਂ ਬਾਈ ਮੰਜੀਆਂ ਗੁਰੂ ਬਣੇ ਬੈਠਿਆਂ ਦੀਆਂ ਵੇਖੀਆਂ ਤਾਂ ਹੈਰਾਨ ਹੋਇਆ। ਘਬਰਾਹਟ ਅਤੇ ਸੰਦੇਹ ਦੀ ਹਾਲਤ ਵਿੱਚ ਉਸਨੇ ਇਹਨਾਂ ਵਿਚੋਂ ਸੱਚਾ ਜਾਂ ਝੂਠਾ ਪਰਖਣ ਦਾ ਇਰਾਦਾ ਕਰ ਲਿਆ। ਉਸਨੇ ਹਰੇਕ ਅੱਗੇ ਦੋ ਦੋ ਮੋਹਰਾਂ ਭੇਟਾ ਕਰਨ ਦਾ ਸੋਚਿਆ ਅਤੇ ਇਹ ਕਿ ਸੱਚਾ ਗੁਰੂ ਦਿਲਾਂ ਦੀਆਂ ਜਾਨਣਹਾਰ ਆਪ ਹੀ ਪੂਰੀ ਭੇਟਾ ਮੰਗ ਲਵੇਗਾ। ਉਸਨੇ ਇਵੇਂ ਹੀ ਕੀਤਾ। ਪਰ ਬਾਈਆਂ ਵਿਚੋਂ ਕਿਸੇ ਨੇ ਵੀ ਬਾਕੀ ਮੋਹਰਾਂ ਨਾ ਮੰਗੀਆਂ।

ਤਦ ਮੱਖਣ ਸ਼ਾਹ ਨੇ ਪੁਛਿਆ ਕਿ ਇਸ ਪਿੰਡ ਵਿੱਚ ਕੋਈ ਹੋਰ ਗੁਰੂ ਵੀ ਹੈ। ਕਿਸੇ ਨੇ ਗੁਰੂ ਤੇਗ ਬਹਾਦਰ ਜੀ ਬਾਰੇ ਦੱਸਿਆ। ਮੱਖਣ ਸ਼ਾਹ ਗੁਰੂ ਜੀ ਪਾਸ ਪੁੱਜਾ ਅਤੇ ਉਸੇ ਤਰ੍ਹਾਂ ਦੋ ਮੋਹਰਾ ਭੇਟਾ ਰਖਕੇ ਮੱਥਾ ਟੇਕਿਆ। ਇਸ ਤੇ ਗੁਰੂ ਜੀ ਨੇ ਬਚਨ ਕੀਤਾ, "ਭਲੇ ਸਿੱਖਾ, ਕੀਹ ਗੱਲ ਹੈ ਕਿ ਹੁਣ ਤੂੰ ਸਾਨੂੰ ਕੇਵਲ ਦੋ ਮੋਹਰਾਂ ਨਾਲ ਵਰਗਲਾਉਣਾ ਚਾਹੰਦਾ ਹੈ ? ਪੰਜ ਸੌ ਮੋਹਰਾਂ ਵਿਚੋਂ ਬਾਕੀ, ਜਿਵੇਂ ਤੂੰ ਪ੍ਰਤੀਗਿਆ ਕੀਤੀ ਸੀ ਜਦ ਤੇਰਾ ਜਹਾਜ਼ ਡੁੱਬਣ ਲਗਾ ਸੀ, ਕਿਥੇ ਹਨ ?" ਮੱਖਣ ਸ਼ਾਹ ਬੜਾ ਖੁਸ਼ ਹੋਇਆ ਅਤੇ ਗੁਰੂ ਜੀ ਅੱਗੇ ਡੰਡਉਤ ਕੀਤੀ, ਬਾਕੀ ਮੋਹਰਾਂ ਭੇਟਾ ਕੀਤੀਆਂ ਅਤੇ ਘਰ ਦੀ ਛੱਤ ਉਤੇ ਜਾਕੇ ਉਚੀ ਉਚੀ ਪੁਕਾਰਿਆ, "ਗੁਰੂ ਲਾਧੋ ਰੇ ! ਗੁਰੂ ਲਾਧੋਰ ਰੇ !" (ਗੁਰੂ ਜੀ ਨੂੰ ਲੱਭ ਲਿਆ ਹੈ !)

ਗੁਰੂ ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੰਜਵੇਂ ਅਤੇ ਸਭ ਤੌਂ ਛੋਟੇ ਸਪੁੱਤਰ ਸਨ। ਇਨ੍ਹਾਂ ਦਾ ਜਨਮ ਪਹਿਲੀ ਅਪ੍ਰੈਲ ੧੬੨੧ ਨੂੰ ਅੰਮ੍ਰਿਤਸਰ, ਗੁਰੂ ਕੇ ਮਹਲ, ਮਾਤਾ ਨਾਨਕੀ ਜੀ ਦੀ ਕੁਖੋਂ ਹੋਇਆ ਸੀ। ਇਨ੍ਹਾਂ ਦਾ ਵਿਆਹ ਜਲੰਧਰ ਜ਼ਿਲ੍ਹੇ ਦੇ ਪਿੰਡ ਕਰਤਾਰਪੁਰ ਦੇ ਲਾਲ ਚੰਦ ਜੀ ਦੀ ਸਪੁੱਤਰੀ (ਮਾਤਾ) ਗੂਜਰੀ ਜੀ ਨਾਲ ਹੋਇਆ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਪਿਛੋਂ ਤੇਗ ਬਹਾਦਰ ਜੀ ਆਪਣੀ ਮਾਤਾ ਨਾਨਕੀ ਜੀ ਅਤੇ ਮਹਿਲ ਗੂਜਰੀ ਜੀ ਨਾਲ ਬਕਾਲਾ ਜਾ ਕੇ ਨਿਵਾਸ ਕਰ ਰਹੇ ਸਨ।

ਮੱਖਣ ਸ਼ਾਹ ਵਲੋਂ ਗੁਰੂ ਜੀ ਦੇ ਪਰਗਟ ਹੋਣ ਨਾਲ ਝੂਠੇ ਗੁਰੂਆਂ ਦਾ ਦੰਭ ਮੁਕ ਗਿਆ। ਧੀਰਮੱਲ ਦੇ ਮਨ ਦੀ ਤਸੱਲੀ ਨਾ ਹੋਈ ਅਤੇ ਉਸ ਨੇ ਗੁਰਗੱਦੀ ਜੋਰੋ ਜੋਰੀ ਖੋਹ ਲੈਣ ਦਾ ਪੱਕਾ ਇਰਾਦਾ ਕਰ ਲਿਆ। ਇੱਕ ਦਿਨ ਧੀਰਮੱਲ ਨੇ ਆਪਣੇ ਮਸੰਦ ਸੀਹਾਂ ਨਾਲ ਆਪਣੀਆਂ ਭਾਵਨਾਵਾਂ ਦੀ ਗੱਲ ਕੀਤੀ ਜਿਸ ਨੇ ਇਕਰਾਰ ਕੀਤਾ ਕਿ ਉਹ ਇਸ ਦੇ ਵੈਰੀ (ਗੁਰੂ ਜੀ) ਨੂੰ ਮੁਕਾ ਦੇਵੇਗਾ। ਸੋ ਸੀਹਾਂ ਮਸੰਦ ਆਪਣੇ ਨਾਲ ਵੀਹ ਕੁ ਬੰਦੇ ਲੇ ਕੇ ਗੁਰੂ ਜੀ ਨੂੰ ਮਾਰ ਦੇਣ ਲਈ ਚਲ ਪਿਆ। ਉਸ ਨੇ ਜਾ ਕੇ ਗੋਲੀ ਚਲਾਈ ਜੋ ਗੁਰੂ ਜੀ ਦੇ ਮੋਢੇ ਨੂੰ ਛੋਹਕੇ ਲੰਘ ਗਈ। ਗੁਰੂ ਜੀ ਸ਼ਾਂਤ ਅਤੇ ਪੂਰੇ ਧੀਰਜ ਵਿੱਚ ਰਹੇ। ਸੀਹਾਂ ਨਾਲ ਆਪਣੇ ਆਦਮੀ ਘਰ ਵਿਚੋਂ ਗੁਰੂ ਜੀ ਦਾ ਮਾਲ ਮਤਾ ਲੁੱਟ ਕੇ ਚਲੇ ਗਏ। ਜਦ ਮੱਖਣ ਸ਼ਾਹ ਨੇ ਇਸ ਹਾਦਸੇ ਬਾਰੇ ਸੁਣਿਆ ਤਾਂ ਕੁਝ ਸਿੱਖਾਂ ਨੂੰ ਨਾਲ ਲੈ ਕੇ ਧੀਰਮੱਲ ਦੇ ਘਰ ਗਏ। ਧੀਰਮੱਲ ਨੇ ਝਟਪਟ ਘਰ ਦੇ ਦਰਵਾਜ਼ੇ ਬੰਦ ਕਰ ਲਏ ਪਰ ਸਿੱਖਾਂ ਨੇ ਤੋੜ ਕੇ ਅੰਦਰ ਆ ਧੀਰਮੱਲ ਅਤੇ ਉਸ ਦੇ ਜੁੰਡੀਦਾਰਾਂ ਨੂੰ ਕਾਬੂ ਕਰ ਲਿਆ। ਮਸੰਦ ਦੇ ਹੱਥ ਉਸ ਦੀ ਪਿੱਠ ਪਿਛੇ ਬੰਨ੍ਹ ਦਿਤੇ ਅਤੇ ਸਭ ਨੂੰ ਗੁਰੂ ਜੀ ਅੱਗੇ ਲਿਆ ਹਾਜ਼ਰ ਕੀਤਾ। ਉਹ ਗੁਰੂ ਜੀ ਦੇ ਘਰੋਂ ਲੁਟਿਆ ਸਾਰਾ ਸਾਮਾਨ ਵੀ ਵਾਪਸ ਲੈ ਆਏ ਅਤੇ ਨਾਲ ਹੀ ਧੀਰਮੱਲ ਦਾ ਸਾਮਾਨ। ਉਨ੍ਹਾਂ ਆਦਿ ਗ੍ਰੰਥ ਸਾਹਿਬ ਦੀ ਬੀੜ, ਜੋ ਧੀਰਮੱਲ ਕੋਲ ਸੀ, ਵੀ ਲਿਆਕੇ ਗੁਰੂ ਜੀ ਦੇ ਸਨਮੁਖ ਰੱਖ ਦਿਤੀ। ਮਸੰਦ ਸੀਹਾਂ ਗੁਰੂ ਜੀ ਦੇ ਚਰਨਾਂ ਉਤੇ ਢੱਠਾ ਅਤੇ ਆਪਣੇ ਪਾਪਾਂ ਦੀਆਂ ਮੁਆਫੀਆਂ ਮੰਗਣ ਲੱਗ ਪਿਆ। ਗੁਰੂ ਜੀ ਨੇ ਮੱਖਣ ਸ਼ਾਹ ਨੂੰ ਆਦੇਸ਼ ਦਿੱਤਾ ਕਿ ਧੀਰਮੱਲ ਦਾ ਸਾਰਾ ਸਾਮਾਨ ਅਤੇ ਆਦਿ ਗ੍ਰੰਥ ਸਾਹਿਬ ਉਸ ਨੂੰ ਵਾਪਸ ਕਰ ਦਿਉ। ਮਸੰਦ ਨੂੰ ਗੁਰੂ ਜੀ ਨੇ ਮੁਆਫੀ ਬਖਸ਼ ਦਿੱਤੀ। ਗੁਰੂ ਜੀ ਨੇ ਮੱਖਣ ਸ਼ਾਹ ਅਤੇ ਉਸ ਦੇ ਨਾਲ ਦੂਸਰੇ ਸਿੱਖਾਂ ਨੂੰ ਬਚਨ ਕੀਤਾ, "ਗੁਰੂ

ਨਾਨਕ ਸਾਹਿਬ ਨੇ ਉਹਨਾਂ ਨੂੰ ਨਾਮ ਧਨ ਦੀ ਬਖਸ਼ਿਸ਼ ਕੀਤੀ ਹੈ ਜੋ ਉਹਨਾਂ ਦੀਆਂ ਸਭ ਲੋੜਾਂ ਵਾਸਤੇ ਬਹੁਤ ਹੈ।

## ਗੁਰੂ ਜੀ ਅੰਮ੍ਰਿਤਸਰ ਗਏ :

ਜਦ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਮੁੱਖ ਅਸਥਾਨ ਕੀਰਤਪੁਰ ਬਣਾ ਲਿਆ ਤਾਂ ਉਨ੍ਹਾਂ ਦੇ ਬਹੁਤੇ ਸਿੱਖ ਵੀ ਨਾਲ ਉਥੇ ਚਲੇ ਗਏ ਅਤੇ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਹਰਜੀ ਮਿਨਹਾਸ ਜੇਹੇ ਕਪਟੀਆਂ ਦੇ ਹੱਥ ਆ ਗਿਆ। ਨਵੰਬਰ ੧੬੬੪ ਵਿੱਚ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਆਏ। ਉਨ੍ਹਾਂ ਨੇ ਪਵਿਤਰ ਸਰੋਵਰ ਵਿੱਚ ਇਸ਼ਨਾਨ ਕੀਤਾ ਪਰ ਪੁਜਾਰੀਆਂ ਨੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਗੁਰੂ ਜੀ ਨੇ ਬਾਹਰੋਂ ਹੀ ਹਰਿਮੰਦਰ ਸਾਹਿਬ ਵੱਲ ਨਮਸਕਾਰ ਕੀਤੀ ਅਤੇ ਬਚਨ ਕੀਤਾ ਕਿ ਇਹ ਲੋਕ ਆਪਣੇ ਅੰਦਰੋਂ ਭ੍ਰਿਸ਼ਟੇ ਹੋਏ ਹਨ ਜਿਹਨਾਂ ਨੇ ਭੇਟਾਵਾਂ ਦੇ ਲਾਲਚ ਵੱਸ ਹਰਿਮੰਦਰ ਸਾਹਿਬ ਵਿੱਚ ਵੜ ਕੇ ਬੰਦ ਕਰ ਲਿਆ ਹੈ। ਜਦ ਇਹ ਖ਼ਬਰ ਫੈਲ ਗਈ ਤਾਂ ਅੰਮ੍ਰਿਤਸਰ ਨਿਵਾਸੀ ਇਕੱਤਰ ਹੋ ਕੇ ਆਏ ਅਤੇ ਗੁਰੂ ਜੀ ਦੇ ਚਰਨਾਂ ਵਿੱਚ ਆਤਮ-ਸਮਰਪਣ ਕੀਤਾ। ਇਸਤਰੀਆਂ ਉਹਨਾਂ ਵਿੱਚ ਸਭ ਤੋਂ ਅੱਗੇ ਸਨ ਜਿਹਨਾ ਨੇ ਗੁਰਬਾਣੀ ਸ਼ਬਦ ਪੜ੍ਹਦਿਆਂ ਆ ਕੇ ਗੁਰੂ ਜੀ ਦਾ ਸਵਾਗਤ ਕੀਤਾ ਅਤੇ ਗੁਰੂ ਜੀ ਨਾਲ ਸਾਰਾ ਰਾਹ ਸ਼ਬਦ ਗਾਉਂਦੀਆਂ ਵਡਾਲਾ (ਜਾਂ ਵੱਲਾ) ਪਿੰਡ ਗਈਆਂ ਜਿਥੇ ਗੁਰੂ ਜੀ ਨੇ ਇੱਕ ਪੂਰਨ ਸ਼ਰਧਾਲੂ ਦੇ ਨਿਮਾਣੇ ਅਸਥਾਨ ਤੇ ਨਿਵਾਸ ਕੀਤਾ। ਗੁਰੂ ਜੀ ਨੇ ਅੰਮ੍ਰਿਤਸਰ ਦੀਆਂ ਬੀਬੀਆਂ ਅਤੇ ਅੰਮ੍ਰਿਤਸਰ ਸ਼ਹਿਰ ਨੂੰ ਵੀ ਅਸੀਸਾਂ ਬਖਸ਼ੀਆਂ। ਬੀਬੀਆਂ ਦਾ ਸਿਦਕ ਅਤੇ ਪ੍ਰੇਮ ਵੇਖ ਕੇ, ਗੁਰੂ ਜੀ ਨੇ ਇਨ੍ਹਾਂ ਬਚਨਾਂ ਨਾਲ ਉਹਨਾਂ ਨੂੰ ਅਸੀਸ ਬਖਸ਼ੀ, "ਅਕਾਲ ਪੁਰਖ ਜੀ ਨਾਲ ਪ੍ਰੇਮ ਅਤੇ ਸ਼ਰਧਾ ਸਦਾ ਤੁਹਾਡੇ ਹਿਰਦਿਆਂ ਵਿੱਚ ਵਸੇਗਾ।"

## ਅਨੰਦਪੁਰ ਸਾਹਿਬ ਨਗਰ ਦੀ ਨੀਂਹ :

ਅੰਮ੍ਰਿਤਸਰ ਤੋਂ ਜਾਂਦਿਆਂ ਗੁਰੂ ਜੀ ਮਈ ਮਹੀਨੇ, ਸੰਨ ੧੬੬੫ ਵਿੱਚ ਕੀਰਤਪੁਰ ਪਹੁੰਚਣ ਤੋਂ ਪਹਿਲੋਂ ਮਾਝਾ ਅਤੇ ਮਾਲਵਾ ਦੇ ਇਲਾਕਿਆਂ ਵਿਚੋਂ ਲੰਘੇ। ਉਹ ਬਿਲਾਸਪੁਰ ਦੇ ਰਾਜੇ ਦੀਪ ਸਿੰਘ ਦੇ ਅੰਤਮ ਸਸਕਾਰ ਵਿੱਚ ਸ਼ਾਮਲ ਹੋਏ ਅਤੇ ਕੀਰਤਪੁਰ ਨੇੜੇ ਇੱਕ ਨਵੀਂ ਨਗਰੀ ਬਨਾਉਣ ਅਤੇ ਇਸ ਮੰਤਵ ਲਈ ਯੋਗ ਥਾਂ ਤੇ ਜ਼ਮੀਨ ਮੁੱਲ ਲੈਣ ਦੀ ਇੱਛਾ ਪ੍ਰਗਟ ਕੀਤੀ। ਬਿਲਾਸਪੁਰ ਦੀ ਰਾਣੀ ਨੇ ਮਾਖੋਵਾਲ ਦੀ ਜ਼ਮੀਨ ਭੇਟਾ ਕਰਨ ਦੀ ਜਾਚਨਾ ਕੀਤੀ। ਗੁਰੂ ਜੀ ਰਜ਼ਾਮੰਦ ਹੋ ਗਏ ਅਤੇ ਪੰਜ ਕੁ ਸੌ ਰੁਪਏ ਨਾਂ-ਮਾਤਰ ਮੁੱਲ ਦੇ ਦਿੱਤੇ। ਨਵੀਂ ਨਗਰੀ, ਚੱਕ ਨਾਨਕੀ, ਦਾ ਨੀਂਹ ਪੱਥਰ ਜੂਨ ੧੬੬੫ ਵਿੱਚ ਰੱਖਿਆ ਗਿਆ। ਇਸ ਨਗਰੀ ਦਾ ਨਾਮ ਗੁਰੂ ਜੀ ਦੀ ਪੂਜਨੀਕ ਮਾਤਾ ਜੀ ਦੇ ਨਾਮ ਤੇ ਰੱਖਿਆ ਸੀ। ਕੁਝ ਸਮਾਂ ਪਾ ਕੇ ਇਸ ਨਗਰੀ ਦੁਆਲੇ ਇੱਕ ਸੁੰਦਰ ਨਗਰ, ਅਨੰਦਪੁਰ ਨਾਮ ਦਾ, ਵੱਸ ਗਿਆ।

## ਗੁਰੂ ਜੀ ਪਰਚਾਰ ਸਫਰ ਤੇ :

ਨਵੀਂ ਨਗਰੀ ਦੀ ਨੀਂਹ ਰੱਖਣ ਪਿਛੋਂ ਗੁਰੂ ਜੀ ਉਥੇ ਬਹੁਤਾ ਸਮਾਂ ਨਹੀਂ ਠਹਿਰੇ। ਪਰ ਉਹਨਾਂ ਨੇ ਉਸਾਰੀ ਦਾ ਕੰਮ ਆਪਣੇ ਭੋਰੋਸੇ ਯੋਗ ਸ਼ਰਧਾਲੂਆਂ ਦੇ ਸਪੁਰਦ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਆਪਣਾ ਪੂਰਬ ਵੱਲ ਪਰਚਾਰ ਦਾ ਦੌਰਾ ਉਸ ਇਲਾਕੇ ਦੇ ਗੁਰਸਿੱਖਾਂ, ਭਾਈ ਬੁਲਾਕੀ ਰਾਮ ਅਤੇ ਭਾਈ ਹੁਲਾਸ ਚੰਦ ਢਾਕੇ ਤੋਂ ਅਤੇ ਭਾਈ ਦਰਬਾਰਾ ਅਤੇ ਭਾਈ ਚੈਨਸੁਖ ਪਟਨੇ ਤੋਂ, ਵਲੋਂ ਨਿਮੰਤ੍ਰਣ ਦੇ ਉਤਰ ਵਜੋਂ ਕੀਤਾ ਸੀ। ਇਹ ਸਿੱਖ ਗੁਰੂ ਜੀ ਦੇ ਦਰਸ਼ਨ ਕਰਨ ਕੀਰਤਪੁਰ ਆਏ ਸਨ ਅਤੇ ਅਰਜ਼ੋਈ ਕਰ ਗਏ ਸਨ ਕਿ ਗੁਰੂ ਜੀ ਆਪਣੇ ਪਰਵਾਰ ਸਹਿਤ ਉਹਨਾਂ ਦੇ ਇਲਾਕੇ ਵਿੱਚ ਚਰਨ ਪਾਉਣ। ਗੁਰੂ ਜੀ ਅਨੰਦਪੁਰ ਤੋਂ ਅਗਸਤ ੧੬੬੫ ਵਿੱਚ ਚੱਲੇ।

ਅਨੰਦਪੁਰ ਤੋਂ ਚਲ ਕੇ ਗੁਰੂ ਜੀ ਘਨੌਲੀ, ਰੋਪੜ, ਦਾਦੂ ਮਾਜਰਾ ਅਤੇ ਲੰਗ ਪਿੰਡ ਵਿਚੋਂ ਲੰਘ ਕੇ ਪਟਿਆਲਾ ਰਿਆਸਤ ਵਿੱਚ ਮੂਲੋਵਾਲ ਪੁੱਜੇ। ਉਥੋਂ ਦੇ ਲੋਕਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਨੇੜੇ ਤੇੜੇ ਪੀਣ ਵਾਲਾ ਪਾਣੀ ਨਹੀਂ ਅਤੇ ਇਸ ਦੇ ਲਈ ਉਹਨਾਂ ਨੂੰ ਬਹੁਤ ਦੂਰ ਜਾਣਾ ਪੈਂਦਾ ਹੈ। ਉਥੇ ਇੱਕ ਖੂਹ ਸੀ ਪਰ ਇਸਦਾ ਪਾਣੀ ਬਕਬਕਾ ਅਤੇ ਹਾਨੀਕਾਰਕ ਹੈ। ਗੁਰੂ ਜੀ ਨੇ ਉਹਨਾਂ ਨੂੰ ਬਚਨ ਕੀਤਾ ਕਿ ਅਕਾਲਪੁਰਖ ਦਾ ਨਾਮ

ਸਿਮਰ ਕੇ ਖੂਹ ਵਿਚੋਂ ਪਾਣੀ ਕੱਢੋ ਅਤੇ ਵੇਖੋਗੇ ਕਿ ਪਾਣੀ ਨਿਰਮਲ ਅਤੇ ਮਿੱਠਾ ਹੈ। ਉਸ ਦਿਨ ਤੋਂ ਉਸ ਖੂਹ ਦਾ ਪਾਣੀ ਮਿੱਠਾ ਅਤੇ ਪੀਣ ਯੋਗ ਹੈ ਅਤੇ ਇਸ ਨੂੰ ਗੁਰੂ ਕਾ ਖੂਹ ਸੱਦਿਆ ਜਾਂਦਾ ਹੈ।

ਫਿਰ ਗੁਰੂ ਜੀ ਫਰਵਾਲੀ, ਹੰਡੀਆਯਾ, ਭੰਦੇਹਰ, ਅਤੇ ਭਿੱਕੀ ਗਏ। ਜਿਥੇ ਵੀ ਗੁਰੂ ਜੀ ਰੁਕੇ ਗੁਰੂ ਜੀ ਨੇ ਧਰਮ ਉਪਦੇਸ਼ ਦਿਤੇ ਅਤੇ ਲੋਕਾਂ ਨੂੰ ਕਿਹਾ ਕਿ ਮੂਰਤੀਆਂ ਅਤੇ ਕਬਰਾਂ ਦੀ ਪੂਜਾ ਛਡਕੇ ਕੇਵਲ ਇੱਕ ਨਿਰੰਕਾਰ ਅਕਾਲਪੁਰਖ ਦੀ ਪੂਜਾ ਕਰੋ। ਗੁਰੂ ਜੀ ਢਲੇਉ, ਅਲੀਸ਼ੇਰ, ਖਿਆਲਾ ਪਿੰਡਾਂ ਵਿਚੋਂ ਲੰਘ ਕੇ ਮੌੜ ਪੁੱਜੇ, ਜਿਥੇ ਲੋਕਾਂ ਦੀਆਂ ਵੱਡੀਆਂ ਭੀੜਾਂ ਉਨ੍ਹਾਂ ਨੂੰ ਉਡੀਕਦੀਆਂ ਸਨ। ਗੁਰੂ ਜੀ ਨੇ ਉਹਨਾਂ ਨੂੰ ਸੱਚੇ ਨਾਮ ਦਾ ਉਪਦੇਸ਼ ਦਿਤਾ। ਉਥੇ ਗੁਰੂ ਜੀ ਨੇ ਉਹਨਾਂ ਨੂੰ ਇੱਕ ਖੂਹ ਖੋਦਣ ਦੀ ਪ੍ਰੇਰਨਾ ਕੀਤੀ। ਉਥੋਂ ਗੁਰੂ ਜੀ ਮੈਸਰਖਾਨਾ ਗਏ ਅਤੇ ਫਿਰ ਸਾਬੋ ਕੀ ਤਲਵੰਡੀ, ਜਿਸਨੂੰ ਹੁਣ ਦਮਦਮਾ ਸਾਹਿਬ ਕਹਿੰਦੇ ਹਨ ਅਤੇ ਉਥੋਂ ਕੋਟ ਧਰਮਵਾਲਾ, ਬਛੋਆਨਾਂ, ਗੋਬਿੰਦਪੁਰਾ, ਸੰਘੇਰੀ, ਗੁਰਨਾ ਹੁੰਦੇ ਹੋਏ ਬੰਗਰ ਇਲਾਕੇ ਵਿੱਚ ਧਾਮਧਨ ਪੁੱਜੇ। ਉਥੇ ਗੁਰੂ ਜੀ ਨੇ ਪਿੰਡ ਦੇ ਚੌਧਰੀ ਨੂੰ ਮੁਸਾਫਰਾਂ ਵਾਸਤੇ ਇੱਕ ਖੂਹ ਅਤੇ ਇੱਕ ਧਰਮਸਾਲਾ ਬਨਾਉਣ ਲਈ ਮਾਇਆ ਦਿੱਤੀ।

ਗੁਰੂ ਜੀ ਨਾਲ ਇੱਕ ਸਿੱਖ, ਰਾਮਦੇਵ, ਪੂਰਨ ਤੌਰ ਤੇ ਗੁਰੂ ਜੀ ਦਾ ਸੇਵਕ ਸੀ। ਉਹ ਪਾਣੀ ਢੌਂਹਦਾ, ਲੰਗਰ ਵਾਸਤੇ ਜੰਗਲ ਵਿਚੋਂ ਲੱਕੜਾਂ ਲਿਆਉਂਦਾ ਅਤੇ ਗੁਰੂ ਜੀ ਦੀ ਸਭ ਤਰ੍ਹਾਂ ਦੀ ਸੇਵਾ ਕਰਦਾ। ਉਹ ਭਾਰ ਚੁੱਕਣ ਲਈ ਆਪਣੇ ਸਿਰ ਉਤੇ ਇੱਕ ਗੱਦੀ ਰੱਖੀ ਰਖਦਾ ਜੋ ਪਾਣੀ ਨਾਲ ਭਿਜਦੀ ਰਹਿੰਦੀ ਅਤੇ ਇਸ ਕਾਰਨ ਉਸ ਦੇ ਸਿਰ ਵਿੱਚ ਫੋੜੇ ਹੋ ਗਏ। ਇੱਕ ਦਿਨ ਜਦ ਉਸ ਨੇ ਆਪਣਾ ਪਾਣੀ ਦਾ ਘੜਾ ਸਿਰ ਤੋਂ ਲਾਹਿਆ ਉਸਦੀ ਪੱਗ ਅਤੇ ਗੱਦੀ ਵੀ ਸਿਰ ਤੋਂ ਲੱਥ ਕੇ ਡਿਗ ਪਈਆਂ ਅਤੇ ਉਸ ਦੇ ਸਿਰ ਵਿੱਚ ਇੱਕ ਫੋੜੇ ਉਤੇ ਕੀੜੇ ਚਲਦੇ ਵਿਖਾਈ ਦਿੱਤੇ। ਗੁਰੂ ਜੀ ਕੋਲ ਇਸ ਬਾਰੇ ਦੱਸਿਆ ਗਿਆ ਤਾਂ ਉਨ੍ਹਾਂ ਨੇ ਗੁਰਸਿੱਖ ਨੂੰ ਸੱਦ ਭੇਜਿਆ। ਉਸ ਦੀ ਸੇਵਾ ਸਿਦਕ ਵੇਖਕੇ ਗੁਰੂ ਜੀ ਬੜੇ ਪ੍ਰਸੰਨ ਹੋਏ ਅਤੇ ਭਾਈ ਰਾਮਦੇਵ ਨੂੰ ਇੱਕ ਸਿਰੋਪਾ ਬਖਸ਼ਿਆ, ਉਸ ਦਾ ਨਾਮ ਭਾਈ ਮੀਹਾਂ ਰੱਖ ਦਿਤਾ ਅਤੇ ਬਚਨ ਕੀਤਾ ਕਿ ਉਹ ਇੱਕ ਮਹੰਤ ਬਣੇਗਾ। ਗੁਰੂ ਜੀ ਦੇ ਆਦੇਸ਼ ਅਨੁਸਾਰ ਉਹ ਸਿੱਖ ਧਰਮ ਦਾ ਪਰਚਾਰ ਕਰਨ ਲੱਗਾ। ਅੱਜਕਲ੍ਹ ਉਸ ਦੀ ਵੰਸ਼ ਮੀਹਾਂਸ਼ਾਹੀ ਜਾਂ ਮੀਹਾਂਦਾਸੀਏ ਕਹਾਉਂਦੀ ਹੈ।

ਫਿਰ ਗੁਰੂ ਜੀ ਟੇਕਪੁਰ ਗਏ ਅਤੇ ਥੋੜੇ ਕੁ ਦਿਨ ਇੱਕ ਤਰਖਾਣ ਦੇ ਗ੍ਰਿਹਿ ਵਿਖੇ ਠਹਿਰੇ, ਜੋ ਗੁਰੂ ਜੀ ਨੂੰ ਕੈਥਲ ਤਕ ਰਾਹ ਦਰਸਾਉਣ ਦੀ ਸੇਵਾ ਹਿਤ ਨਾਲ ਆਇਆ। ਉਥੋਂ ਗੁਰੂ ਜੀ ਬਬਰਨਾ ਪੁੱਜੇ। ਇਥੇ ਗੁਰੂ ਜੀ ਨੇ ਤੰਬਾਕੂ ਦੀ ਵਰਤੋਂ ਵਿਰੁਧ ਉਪਦੇਸ਼ ਦਿੱਤਾ।

## ਗੁਰੂ ਜੀ ਕੁਰਸ਼ੇਤਰ ਆਏ :

ਗੁਰੂ ਜੀ ਸੂਰਜ ਗ੍ਰਹਿਣ ਸਮੇਂ ਕੁਰਸ਼ੇਤਰ ਪੁੱਜੇ। ਉਥੇ ਸਭ ਧਰਮਾਤਮਾ ਪੁਰਸ਼ਾਂ ਨੇ ਗੁਰੂ ਜੀ ਦਾ ਬੜੇ ਸਤਿਕਾਰ ਅਤੇ ਉਚੇਚ ਨਾਲ ਸਵਾਗਤ ਕੀਤਾ। ਉਥੇ ਠਹਿਰਨ ਸਮੇਂ ਗੁਰੂ ਜੀ ਨੇ ਸੱਚੇ ਨਾਮ ਦਾ ਪਰਚਾਰ ਕੀਤਾ। ਉਥੇ ਗੁਰੂ ਜੀ ਬਾਨੀ ਬਦਰਪੁਰ ਗਏ ਜਿਥੇ ਉਨ੍ਹਾਂ ਨੇ ਇੱਕ ਖੂਹ ਤਿਆਰ ਕਰਨ ਵਾਸਤੇ ਮਾਇਆ ਬਖਸ਼ੀ। ਫਿਰ ਜਮਨਾ ਦਰਿਆ ਪਾਰ ਆ ਗਏ ਅਤੇ ਰਾਹ ਵਿੱਚ ਸ਼ਿਕਾਰ ਖੇਡਿਆ। ਗੁਰੂ ਜੀ ਨੇ ਇੱਕ ਜੰਗਲੀ ਜਾਨਵਰ ਦਾ ਸ਼ਿਕਾਰ ਕੀਤਾ ਅਤੇ ਇਸ ਨੂੰ ਆਪਣੇ ਘੋੜੇ ਦੀ ਕਾਠੀ ਨਾਲ ਬੰਨ੍ਹ ਕੇ ਲਿਆਏ ਕਾਰਾ ਮਾਨਕ ਪੁੱਜੇ ਜਿਥੇ ਇੱਕ ਮਲੂਕ ਦਾਸ ਨਾਮੀ ਮਹਾਤਮਾ ਰਹਿੰਦੇ ਸੀ। ਉਸ ਨੇ ਇਹ ਸੁਣ ਕੇ ਕਿ ਗੁਰੂ ਜੀ ਨੇ ਸ਼ਿਕਾਰ ਖੇਡਿਆ ਅਤੇ ਜਾਨਵਰਾਂ ਦੀ ਹੱਤਿਆ ਕੀਤੀ ਹੈ, ਗੁਰੂ ਜੀ ਨੂੰ ਮਿਲਣ ਤੋਂ ਨਾਂਹ ਕਰ ਦਿਤੀ। ਕਿਹਾ ਜਾਂਦਾ ਹੈ ਕਿ ਜਦ ਮਲੂਕ ਦਾਸ ਨੇ ਅਗਲੇ ਦਿਨ ਆਪਣੇ ਦੇਵਤੇ ਅੱਗੇ ਪੂਜਾ ਕਰਦਿਆਂ ਭੋਜਨ ਰੱਖਿਆ ਤਾਂ ਉਸਨੇ ਵੇਖਿਆ ਕਿ ਭੋਜਨ ਮਾਸ ਬਣ ਗਿਆ ਸੀ। ਉਸ ਨੂੰ ਅਨੁਭਵ ਹੋਇਆ ਕਿ ਇਹ ਗੁਰੂ ਜੀ ਦੀ ਕੀਤੀ ਕਰਾਮਾਤ ਸੀ। ਤਦ ਉਸ ਨੇ ਗੁਰੂ ਜੀ ਨੂੰ ਮਿਲਣ ਅਤੇ ਨਮਸਕਾਰ ਕਰਨ ਦੀ ਲੋਚਨਾ ਕੀਤੀ, ਪਰ ਇਹ ਸੋਚ ਕੇ ਕਿ ਗੁਰੂ ਜੀ ਦਿਲਾਂ ਦੇ ਬੁਝਣਹਾਰ ਹਨ ਉਹ ਉਸ ਨੂੰ ਸੱਦ ਭੇਜਣ। ਗੁਰੂ ਜੀ ਜਾਣਦੇ ਸਨ ਕਿ ਮਲੂਕ ਦਾਸ ਦੇ ਮਨ ਵਿੱਚ ਕੀ ਵਾਪਰ ਰਿਹਾ ਹੈ; ਸੋ ਉਨ੍ਹਾਂ ਨੇ ਆਪਣੇ ਸਿੱਖ ਇੱਕ ਪਾਲਕੀ ਨਾਲ ਭੇਜੇ ਉਸ ਨੂੰ ਲੈ ਆਉਣ ਲਈ। ਉਸ ਨੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ, ਧਰਮ ਉਪਦੇਸ਼ ਸੁਣੇ ਅਤੇ ਦੀਖਿਆ ਲਈ ਅਤੇ ਗੁਰੂ ਜੀ ਦੇ ਸਭ ਤੋਂ ਵੱਧ ਸ਼ਰਧਾਲੂਆਂ ਵਿਚੋਂ ਇੱਕ ਸਿੱਖ ਬਣਿਆ।

## ਗੁਰੂ ਜੀ ਉਤਰ ਪ੍ਰਦੇਸ਼ ਵਿੱਚ :

ਕਾਰਾ ਮਾਣਕ ਤੋਂ ਗੁਰੂ ਜੀ ਮਥਰਾ ਗਏ ਅਤੇ ਉਥੋਂ ਆਗਰਾ ਪੁੱਜੇ। ਉਥੇ ਗੁਰੂ ਜੀ ਦੀ ਯਾਦ ਵਿੱਚ ਇੱਕ ਗੁਰਦੁਆਰਾ ਸਥਿਤ ਹੈ। ਇਟਾਵਾ ਰਸਤੇ ਗੁਰੂ ਜੀ ਕਾਨਪੁਰ ਪੁੱਜੇ ਜਿਥੇ ਗੰਗਾ ਦੇ ਕਿਨਾਰੇ ਇੱਕ ਗੁਰਦੁਆਰਾ ਹੈ। ਫਿਰ ਗੁਰੂ ਜੀ ਪ੍ਰਯਾਗ (ਇਲਾਹਾਬਾਦ) ਪੁੱਜੇ। ਗੁਰੂ ਜੀ ਦੀ ਮਾਤਾ ਜੀ ਨੇ ਉਨ੍ਹਾਂ ਨੂੰ ਦਸਿਆ ਕਿ ਉਨ੍ਹਾਂ ਨੂੰ ਗੁਰੂ ਹਰਿਗੋਬਿਦ ਸਾਹਿਬ ਨੇ ਬਚਨ ਦਿਤਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੇ ਗ੍ਰਹਿ ਵਿਖੇ ਇੱਕ ਮਹਾਨ ਪੁਰਸ਼ ਜਨਮ ਲਵੇਗਾ ਅਤੇ ਉਹ ਇਸ ਘਟਨਾ ਨੂੰ ਉਡੀਕ ਰਹੀ ਸੀ। ਗੁਰੂ ਜੀ ਨੇ ਉਤਰ ਦਿਤਾ ਕਿ ਮਾਤਾ ਜੀ ਦੀ ਚਾਹਨਾ ਛੇਤੀ ਪੂਰੀ ਹੋਵੇਗੀ ਪਰ ਉਹ ਗੁਰੂ ਨਾਨਕ ਜੀ ਦਾ ਲਗਾਤਾਰ ਸਿਮਰਨ ਕਰਦੇ ਰਹਿਣ। ਗੁਰੂ ਜੀ ਛੇ ਕੁ ਮਹੀਨੇ ਪ੍ਰਯਾਗ ਠਹਿਰੇ ਅਤੇ ਮਾਤਾ ਜੀ ਲਈ ਵੱਡੀ ਖੁਸ਼ੀ ਹੋਈ ਕਿ ਗੁਰੂ ਜੀ ਦੇ ਮਹਿਲਾਂ ਨੇ ਗਰਭ ਧਾਰਨ ਕੀਤਾ। ਪ੍ਰਯਾਗ ਤੋਂ ਗੁਰੂ ਜੀ ਮਿਰਜ਼ਾਪੁਰ ਗਏ ਜਿਥੇ ਗੰਗਾ ਕਿਨਾਰੇ ਇੱਕ ਗੁਰਦੁਆਰਾ ਬਣਿਆ ਹੋਇਆ ਹੈ। ਉਥੋਂ ਗੁਰੂ ਜੀ ਬਨਾਰਸ (ਕਾਸ਼ੀ) ਪੁੱਜੇ ਅਤੇ ਰੇਸ਼ਮ ਕਟੜੇ ਵਿੱਚ ਨਿਵਾਸ ਕੀਤਾ ਜਿਥੇ ਗੁਰੂ ਜੀ ਦੀ ਯਾਦ ਵਿੱਚ ਇੱਕ ਗੁਰਦੁਆਰਾ ਹੈ। ਸੈਂਕੜੇ ਲੋਕ ਗੁਰੂ ਜੀ ਦਾ ਦਰਸ਼ਨ ਕਰਨ ਆਏ।

## ਗੁਰੂ ਜੀ ਬਿਹਾਰ ਵਿੱਚ :

ਫਿਰ ਗੁਰੂ ਜੀ ਸਸਰਾਮ ਪਿੰਡ ਵਿੱਚ ਪੁੱਜੇ ਜਿਥੇ ਇੱਕ ਬੜਾ ਹੀ ਸ਼ਰਧਾਲੂ ਸਿੱਖ, ਚਾਚਾ ਫੱਗੂ, ਰਹਿੰਦਾ ਸੀ ਜਿਸ ਨੇ ਇੱਕ ਭਵਨ ਬਣਵਾਇਆ ਹੋਇਆ ਸੀ ਅਤੇ ਇਸ ਵਿੱਚ ਗੁਰੂ ਜੀ ਵਾਸਤੇ ਇੱਕ ਸ਼ਾਨਦਾਰ ਤਖ਼ਤ ਬਣਵਾ ਰੱਖਿਆ ਹੋਇਆ ਸੀ। ਹਰ ਸਵੇਰ ਉਹ ਤਖ਼ਤ ਉਤੇ ਧੂਪ ਜਗਾਉਂਦਾ ਅਤੇ ਫਿਰ ਦਰਵਾਜ਼ੇ ਬੰਦ ਕਰ ਦੰਦਾ ਅਤੇ ਕਹਿੰਦਾ ਕਿ ਜਦ ਤਕ ਗੁਰੂ ਜੀ ਇਸ ਭਵਨ ਵਿੱਚ ਚਰਨ ਪਾ ਕੇ ਇਸ ਨੂੰ ਪਵਿੱਤਰ ਨਹੀਂ ਕਰਨਗੇ ਮੈਂ ਇਸ ਵਿੱਚ ਨਹੀਂ ਰਹਾਂਗਾ। ਚਾਚਾ ਫੱਗੂ ਦੀ ਇਹ ਅਭਿਲਾਖਾ ਪੂਰੀ ਹੋ ਗਈ ਅਤੇ ਉਸ ਨੂੰ ਗੁਰੂ ਜੀ ਦੀ ਉਸ ਭਵਨ ਵਿੱਚ ਆਉ-ਭਗਤ ਕਰਨ ਦੀ ਖੁਸ਼ੀ ਮਿਲ ਗਈ।

ਉਥੋਂ ਗੁਰੂ ਜੀ ਗਯਾ ਗਏ। ਉਥੇ ਉਨ੍ਹਾਂ ਨੂੰ ਕੁਝ ਬ੍ਰਾਹਮਣ ਇਕੱਠੇ ਹੋ ਕੇ ਮਿਲੇ ਅਤੇ ਗਯਾ ਦੀ ਯਾਤਰਾ ਕਰਨ ਦੇ ਗੁਣ ਦੱਸੇ। ਉਹਨਾਂ ਨੇ ਕਿਹਾ ਕਿ ਜੇ ਜੌਂ ਦੇ ਮੰਡੇ ਪਕਾ ਕੇ ਬ੍ਰਾਹਮਣਾਂ ਨੂੰ ਦਿਤੇ ਜਾਣ, ਪਿਤਰਾਂ ਦੀਆਂ ਆਤਮਾਂ ਵਾਸਤੇ, ਤਾਂ ਉਹ ਪਿਤਰ ਜ਼ਰੂਰ ਸਵਰਗ ਵਿੱਚ ਜਾਣਗੇ, ਭਾਵੇਂ ਉਹ ਨਰਕ ਵਿੱਚ ਹੀ ਪਏ ਹੋਏ ਹੋਣ। ਸੋ ਉਹਨਾਂ ਨੇ ਗੁਰੂ ਜੀ ਨੂੰ ਜ਼ੋਰ ਦਿਤਾ ਕਿ ਉਹ ਬ੍ਰਾਹਮਣਾਂ ਨੂੰ ਮਾਇਆ ਦੇਣ ਤਾਂ ਜੁ ਉਹ ਇਹ ਰਸਮ ਗੁਰੂ ਜੀ ਲਈ ਕਰ ਦੇਣ। ਗੁਰੂ ਜੀ ਨੇ ਉਹਨਾਂ ਦੀ ਦਲੀਲ ਮੰਨਣ ਤੋਂ ਨਾਂਹ ਕਰ ਦਿਤੀ, ਸਗੋਂ ਉਹਨਾਂ ਨੂੰ ਇੱਕ ਅਕਾਲ ਪੁਰਖ ਦਾ ਸਿਮਰਨ ਕਰਨ ਲਈ ਪ੍ਰੇਰਿਆ ਅਤੇ ਦੈਵੀ ਗਿਆਨ ਸਬੰਧੀ ਸਿਖਿਆਵਾਂ ਬਖਸ਼ੀਆਂ।

ਫਿਰ ਗੁਰੂ ਜੀ ਪਟਨਾ ਪੁਜੇ ਅਤੇ ਪਹਿਲਾਂ ਸ਼ਹਿਰ ਤੋਂ ਬਾਹਰ ਇੱਕ ਬਾਗ ਵਿੱਚ ਡੇਰਾ ਲਾਇਆ। ਇਸ ਅਸਥਾਨ ਦਾ ਨਾਮ ਗੁਰੂ ਕਾ ਬਾਗ ਹੈ। ਭਾਈ ਜੈਤਾ, ਇੱਕ ਸਿਦਕੀ ਸਿੱਖ ਗੁਰੂ ਜੀ ਨੂੰ ਆਪਣੇ ਗ੍ਰਹਿ ਲੈ ਗਿਆ। ਗੁਰੂ ਜੀ ਨੇ ਲੋਕਾਂ ਨੂੰ ਧਰਮ ਬਾਰੇ ਉਪਦੇਸ਼ ਦਿੱਤੇ। ਇੱਕ ਦਿਨ ਗੁਰੂ ਜੀ ਨੇ ਆਪਣੀ ਮਾਤਾ, ਮਾਤਾ ਨਾਨਕੀ, ਜੀ ਨੂੰ ਕਿਹਾ ਕਿ ਬਹੁਤ ਸਾਰੀਆਂ ਸਿੱਖ ਸੰਗਤਾਂ ਦੂਰ ਥਾਈਂ ਉਡੀਕ ਰਹੀਆਂ ਸਨ, ਸੋ ਗੁਰੂ ਜੀ ਦਾ ਉਥੇ ਜਾਣਾ ਜ਼ਰੂਰੀ ਹੈ। ਉਹ ਚਾਹੁੰਦੇ ਸਨ ਕਿ ਪਰਵਾਰ ਪਟਨੇ ਹੀ ਰਹੇ। ਜਦ ਪਰਵਾਰ ਵਲੋਂ ਪਿਛੇ ਠਹਿਰਣ ਲਈ ਝਿਜਕ ਪਰਗਟਾਈ ਗਈ ਤਾਂ ਗੁਰੂ ਜੀ ਨੇ ਆਪਣੇ ਮਹਿਲ, ਮਾਤਾ ਗੁਜਰੀ ਜੀ ਨੂੰ ਬਚਨ ਕੀਤਾ, "ਮੇਰੇ ਪਿਤਾ ਜੀ ਦੀ ਭਵਿਖਵਾਣੀ ਹੁਣ ਪੂਰੀ ਹੋਣ ਵਾਲੀ ਹੈ। ਆਪ ਜੀ ਇੱਕ ਪੁਤੱਰ ਦੀ ਮਾਤਾ ਬਨਣ ਵਾਲੇ ਹੋ। ਇਹ ਪੁਤੱਰ ਮਹਾਨ ਅਤੇ ਸ਼ਕਤੀਸ਼ਾਲੀ ਹੋਵੇਗਾ, ਸਿੱਖ ਧਰਮ ਦਾ ਵਿਕਾਸ ਕਰੇਗਾ, ਸਿੱਖਾਂ ਦਾ ਬੋਲਬਾਲਾ ਸਥਾਪਤ ਕਰੇਗਾ, ਦੁਸ਼ਟਾਂ ਨੂੰ ਜੜ੍ਹਾਂ ਤੋਂ ਪੁੱਟੇਗਾ ਅਤੇ ਸੱਚ ਅਤੇ ਸੱਚੇ ਧਰਮ ਦੇ ਵੈਰੀਆਂ ਦਾ ਨਾਸ ਕਰੇਗਾ। ਆਪ ਨੂੰ ਸਫਰ ਵਿੱਚ ਬਹੁਤ ਹੀ ਔਖਿਆਈ ਹੋਵੇਗੀ, ਸੋ ਪ੍ਰਸੰਨ-ਚਿਤ ਇਥੇ ਹੀ ਟਿਕੇ ਰਹੋ।"

ਗੁਰੂ ਜੀ ਨੇ ਆਪਣੇ ਮਾਤਾ ਜੀ ਅਤੇ ਮਹਿਲਾਂ ਨੂੰ ਧੀਰਜ ਦਿਵਾਇਆ ਅਤੇ, ਇਸ ਤਰ੍ਹਾਂ, ਇਹਨਾਂ ਨੂੰ ਆਪਣੇ ਧਰਮ-ਭਰਾ ਕ੍ਰਿਪਾਲ ਚੰਦ ਜੀ ਦੇ ਦੇਖਭਾਲ ਲਈ ਸੌਂਪਕੇ ਵਿਦਾਈ ਲਈ ਅਤੇ ਮੁੰਗੇਰ, ਭਾਗਲਪੁਰ ਅਤੇ ਰਾਜਮਹੱਲ ਵੱਲ ਚਲ ਪਏ।

## ਗੁਰੂ ਜੀ ਬੰਗਾਲ ਆਏ :

ਫਿਰ ਗੁਰੂ ਜੀ ਮਾਲਡਾ ਪੁੱਜੇ ਜਿਥੇ ਉਹ ਆਪਣੇ ਇੱਕ ਸਿੱਖ, ਜੋ ਨਾਨਬਾਈ ਦਾ ਵਿਹਾਰ ਕਰਦਾ ਸੀ, ਕੋਲ ਠਹਿਰੇ। ਉਥੋਂ ਉਹ ਮੁਰਸ਼ਿਦਾਬਾਦ ਗਏ ਜਿਸ ਤੋਂ ਅਗਲਾ ਪੜਾਉ ਢਾਕਾ ਵਿੱਚ ਸੀ। ਉਥੇ ਇੱਕ ਸ਼ਰਧਾਲੂ ਮਸੰਦ,

ਬੁਲਾਕੀ ਰਾਮ, ਰਹਿੰਦਾ ਸੀ ਜਿਸ ਦੀ ਮਾਤਾ ਨੇ ਗੁਰੂ ਜੀ ਵਾਸਤੇ ਇੱਕ ਸੁੰਦਰ ਪਲੰਘ ਤਿਆਰ ਕੀਤਾ ਹੋਇਆ ਸੀ।

ਗੁਰੂ ਜੀ ਉਸ ਬੀਬੀ ਦੀ ਸ਼ਰਧਾ ਅਤੇ ਪ੍ਰੇਮ-ਭਾਵ ਨੂੰ ਜਾਣਦਿਆਂ ਉਸ ਦੇ ਗ੍ਰਹਿ ਵਿਖੇ ਗਏ। ਉਹ ਖੁਸ਼ੀ ਨਾਲ ਭਰ ਗਈ ਅਤੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਈ। ਗੁਰੂ ਜੀ ਨੇ ਉਸ ਦੀ ਸ਼ਰਧਾ ਦੀ ਪ੍ਰਸੰਸਾ ਕਰਦਿਆਂ ਰੱਬੀ ਮਿਹਰ ਦੀ ਬਖਸ਼ਿਸ਼ ਕੀਤੀ। ਉਥੇ ਰਹਿਣ ਵਾਲੇ ਸਿੱਖਾਂ ਦੀਆਂ ਭੀੜਾਂ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਤੋਂ ਉਪਦੇਸ਼ ਅਤੇ ਅਸੀਸਾਂ ਦੀ ਜਾਚਨਾ ਕਰਨ ਆਈਆਂ। ਗੁਰੂ ਜੀ ਨੇ ਉਹਨਾਂ ਨੂੰ ਨਗਰ ਵਿੱਚ ਇੱਕ ਧਰਮਸਾਲ ਉਸਾਰਨ ਲਈ ਕਿਹਾ ਜਿਥੇ ਅਕਾਲ ਪੁਰਖ ਦੀਆਂ ਵਡਿਆਈਆਂ ਦਾ ਗਾਇਨ ਕੀਤਾ ਜਾਇਆ ਕਰੇ।

ਰਾਜਾ ਰਾਮ ਸਿੰਘ ਗੁਰੂ ਜੀ ਕੋਲ ਆਇਆ ਅਤੇ ਕਹਿਣ ਲਗਾ, "ਕਾਮਰੂਪ ਅਤੇ ਆਸਾਮ ਦੇ ਵਾਸੀ ਦਿੱਲੀ ਦੇ ਬਾਦਸ਼ਾਹ ਵਿਰੁਧ ਬਾਗੀ ਹੋ ਗਏ ਸਨ। ਬਾਦਸ਼ਾਹ ਨੇ ਮੀਰ ਜੁਮਲਾ ਨੂੰ ਉਹਨਾਂ ਨੂੰ ਦਬਾਉਣ ਲਈ ਭੇਜਿਆ ਪਰ ਕੁਝ ਕੁ ਸਫਲਤਾ ਪਿਛੋਂ ਮੀਰ ਦੀ ਵਾਪਸ ਆਉਂਦਿਆਂ ਢਾਕਾ ਪੁੱਜਣ ਤੋਂ ਪਹਿਲਾਂ ਮੌਤ ਹੋ ਗਈ। ਬਾਦਸ਼ਾਹ ਨੇ ਹੁਣ ਮੈਨੂੰ ਹੁਕਮ ਦਿਤਾ ਹੈ ਕਿ ਜਾ ਕੇ ਇਹਨਾਂ ਬਾਗੀਆਂ ਨੂੰ ਅਧੀਨ ਕਰਾਂ। ਜੇ ਮੈਂ ਇਹ ਇਲਾਕੇ ਜਿਤ ਲਵਾਂ ਤਾ ਇਹ ਬਾਦਸ਼ਾਹ ਦੇ ਰਾਜ ਵਿੱਚ ਵਾਧਾ ਹੋਵੇਗਾ,; ਪਰ ਜੇ ਮੈਂ ਮਾਰਿਆ ਗਿਆ ਤਾਂ ਬਾਦਸ਼ਾਹ ਮੇਰੀ ਰਾਜਪੂਤਾਨੇ ਦੀ ਸਾਰੀ ਰਿਆਸਤ ਆਪਣੇ ਰਾਜ ਵਿੱਚ ਮਿਲਾ ਲਵੇਗਾ। ਸੱਚੇ ਪਾਤਸ਼ਾਹ ਮੈਂ ਆਪ ਜੀ ਦੇ ਪਾਵਨ ਚਰਨਾਂ ਦਾ ਓਟ ਆਸਰਾ ਤੱਕ ਕੇ ਹਾਜ਼ਰ ਹੋਇਆ ਹਾਂ ਕਿ ਮੇਰੀ ਰੱਖਿਆ ਕਰੋ।"

ਗੁਰੂ ਜੀ ਨੇ ਉਤਰ ਦਿੱਤਾ, "ਸਾਰੇ ਰੋਗਾਂ ਦਾ ਦਾਰੂ ਅਕਾਲ ਪੁਰਖ ਦਾ ਨਾਮ ਹੈ, ਸੋ ਲਗਾਤਾਰ ਉਸ ਸੱਚੇ ਨਾਮ ਦਾ ਸਿਮਰਨ ਕਰਦੇ ਰਹੋ। ਗੁਰੂ ਨਾਨਕ ਜੀ ਤੁਹਾਡੇ ਸਹਾਈ ਹੋਣਗੇ ਅਤੇ ਤੁਸੀਂ ਕਾਮਰੂਪ ਫਤਹਿ ਕਰ ਲਵੋਗੇ।"

ਰਾਜਾ ਰਾਮ ਸਿੰਘ ਅਤੇ ਗੁਰੂ ਜੀ ਢਾਕੇ ਤੋਂ ਚੱਲ ਕੇ ਧੁਬਰੀ ਪੁੱਜੇ। ਗੁਰੂ ਜੀ ਨੇ ਧੁਬਰੀ ਡੇਰਾ ਲਾ ਲਿਆ ਅਤੇ ਰਾਜਾ ਰਾਮ ਸਿੰਘ ਦਰਿਆ ਬ੍ਰਹਮਪੁਤਰ ਦੇ ਸੱਜੇ ਕਿਨਾਰੇ ਤੇ ਵੱਸੇ ਹੋਏ ਸ਼ਹਿਰ ਰੰਗਮਟੀ ਵੱਲ ਚਲਾ ਗਿਆ। ਛੇਤੀ ਪਿਛੋਂ ਰਾਜਾ ਰਾਮ ਸਿੰਘ ਦੀ ਫੌਜ ਅਤੇ ਕਾਮਰੂਪ ਦੇ ਰਾਜੇ ਦੀ ਫੌਜ ਵਿਚਕਾਰ ਜੰਗ ਸ਼ੁਰੂ ਹੋ ਗਈ। ਰਾਜਾ ਰਾਮ ਸਿੰਘ ਦੀਆਂ ਫੌਜਾ ਦੀ ਨਿਸ਼ਚਤ ਜਿਤ ਸੌਖੀ ਨਹੀਂ ਸੀ, ਕਠਿਨ ਪਹਾੜੀ ਇਲਾਕੇ, ਉਥੋਂ ਦੇ ਮੌਸਮ ਅਤੇ ਬਰਸਾਤਾਂ ਕਾਰਨ।

ਹਮਲਾ ਕਰਨ ਦੇ ਨਾਲ ਨਾਲ ਕਾਮਰੂਪ ਦੇ ਰਾਜੇ ਨੇ ਜਾਦੂ ਟੂਣੇ ਕਰਨੇ ਵੀ ਸ਼ੁਰੂ ਕਰ ਦਿੱਤੇ ਅਤੇ ਆਪਣੇ ਇਲਾਕੇ ਦੀਆਂ ਸਾਰੀਆਂ ਜਾਦੂਗਰਨੀਆਂ ਨੂੰ ਭੇਜਿਆ ਪਰ ਉਹ ਸਫਲ ਨਾ ਹੋਈਆਂ। ਉਸ ਪਿਛੋਂ ਰਾਜਾ ਕਾਮਰੂਪ ਕਾਮਖਸ਼ਾ ਦੇਵੀ ਦੇ ਮੰਦਰ ਪੂਜਾ ਕਰਨ ਗਿਆ। ਰਾਜੇ ਦੀ ਸੱਸ ਨੂੰ ਸੁਪਨੇ ਵਿੱਚ ਉਸ ਦੇਵੀ ਨੇ ਕਿਹਾ, "ਇਸ ਯੁਗ ਵਿੱਚ ਗੁਰੂ ਨਾਨਕ ਸਾਹਿਬ ਨੇ ਅਵਤਾਰ ਧਾਰਿਆ ਹੈ, ਉਨ੍ਹਾਂ ਦੀ ਗੱਦੀ ਤੇ ਹੁਣ ਗੁਰੂ ਤੇਗ ਬਹਾਦਰ ਬੈਠੇ ਹਨ। ਰਾਜਾ ਰਾਮ ਸਿੰਘ ਗੁਰੂ ਜੀ ਦਾ ਸ਼ਿਸ਼ ਬਣ ਗਿਆ ਹੈ। ਗੁਰੂ ਪਾਤਸ਼ਾਹ ਹੈ ਅਤੇ ਕਿਸੇ ਵਿੱਚ ਉਨ੍ਹਾਂ ਦਾ ਵਿਰੋਧ ਕਰ ਸਕਣ ਦੀ ਤਾਕਤ ਨਹੀਂ। ਜਾਉ ਅਤੇ ਗੁਰੂ ਜੀ ਨੂੰ ਨਮਸਕਾਰ ਕਰੋ ਅਤੇ ਖਿਮਾ ਮੰਗੋ, ਨਹੀਂ ਤਾਂ ਤੁਹਾਡਾ ਰਾਜ ਨਸ਼ਟ ਹੋ ਜਾਵੇਗਾ।"

ਰਾਜਾ ਕਾਮਰੂਪ ਗੁਰੂ ਜੀ ਦੇ ਡੇਰੇ ਆਇਆ ਅਤੇ ਡੰਡਉਤ ਕਰਨ ਪਿਛੋਂ ਉਸ ਨੇ ਬੇਨਤੀ ਕੀਤੀ ਕਿ ਉਹ ਦੇਵੀ ਦੇ ਹੁਕਮ ਅਨੁਸਾਰ ਗੁਰੂ ਜੀ ਤੋਂ ਖਿਮਾ ਮੰਗਣ ਅਤੇ ਰੱਖਿਆ ਲਈ ਅਰਜ਼ ਕਰਨ ਹਾਜ਼ਰ ਹੋਇਆ ਹੈ। ਉਸ ਨੇ ਅਰਜ਼ੋਈ ਕੀਤੀ ਕਿ ਉਸ ਨੂੰ ਮੁਸਲਮਾਨਾਂ ਦੀ ਤਾਕਤ ਹੇਠ ਨਾ ਡਿੱਗਣ ਦਿਉ। ਗੁਰੂ ਜੀ ਨੇ ਉਤਰ ਦਿਤਾ ਕਿ ਰਾਜਾ ਰਾਮ ਸਿੰਘ ਬੜਾ ਧਰਮੀ ਪੁਰਸ਼ ਹੈ ਅਤੇ ਉਹ ਉਸ ਨੂੰ ਮਿਲੇ। ਗੁਰੂ ਜੀ ਨੇ ਰਾਜਾ ਕਾਮਰੂਪ ਨੂੰ ਇਹ ਵੀ ਦਿਲਾਸਾ ਦਿਤਾ ਕਿ ਉਹ ਡਰੇ ਨ, ਉਸ ਦਾ ਰਾਜ ਸਦਾ ਕਾਇਮ ਰਹੇਗਾ।

ਗੁਰੂ ਜੀ ਨੇ ਰਾਮ ਸਿੰਘ ਨੂੰ ਸੱਦ ਭੇਜਿਆ। ਦੋਵੇਂ ਰਾਜੇ ਪ੍ਰੇਮ ਭਾਵ ਨਾਲ ਮਿਲੇ। ਗੁਰੂ ਜੀ ਨੇ ਬੈਠ ਕੇ ਦੋਹਾਂ ਨੂੰ ਆਪਣੇ ਸੱਜੇ ਅਤੇ ਖੱਬੇ ਬਿਠਾ ਲਿਆ ਅਤੇ ਸਮਝੌਤਾ ਕਰਾਉਣ ਲੱਗੇ। ਗੁਰੂ ਜੀ ਨੇ ਧਰਤੀ ਵਿੱਚ ਆਪਣੀ ਕ੍ਰਿਪਾਨ ਗੱਡ ਕੇ ਬਚਨ ਕੀਤਾ, ਇਸ ਪਾਸੇ ਦਾ ਇਲਾਕਾ ਬਾਦਸ਼ਾਹ ਦਾ ਹੋਵੇ ਅਤੇ ਦੂਜੇ ਪਾਸੇ ਦੀ ਧਰਮੀ ਰਾਜਾ ਕਾਮਰੂਪ ਅਧੀਨ। ਦੋਵੇ ਰਾਜ ਦੁਸ਼ਮਣੀ ਭੁਲ ਜਾਣ।" ਦੋਵੇਂ ਪਾਸੇ ਇਹ ਸਮਝੌਤਾ ਮੰਨ ਗਏ ਅਤੇ ਗੁਰੂ ਜੀ ਦੀ ਮਿਹਰ ਨਾਲ ਦੋਹਾਂ ਧਿਰਾਂ ਦਾ ਯੁੱਧ ਵਿੱਚ ਬਹੁਤ ਸਾਰਾ ਲਹੂ ਡੁੱਲ੍ਹਣ ਤੋਂ ਬਚ ਗਿਆ।

ਗੁਰੂ ਜੀ ਨੇ ਰਾਜਾ ਰਾਮ ਸਿੰਘ ਨੂੰ ਦੱਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਧੁਬਰੀ ਚਰਨ ਪਾ ਕੇ ਇਸ ਨਗਰ ਨੂੰ ਪਵਿਤਰ ਕੀਤਾ ਸੀ। ਤੁਹਾਡਾ ਹਰੇਕ ਫੌਜੀ ਪੰਜ ਪੰਜ ਟੋਕਰੀਆਂ ਮਿੱਟੀ ਦੀਆਂ ਲਿਆਵੇ ਜਿਸ ਨਾਲ ਇਥੇ ਇੱਕ ਟਿੱਲਾ ਸਿੱਖ ਧਰਮ ਦੇ ਬਾਨੀ ਦਾ ਪਾਵਨ ਯਾਦ ਵਿੱਚ ਉਸਾਰਿਆ ਜਾਏ। ਟਿੱਲੇ ਦੀ ਚੋਟੀ ਉਤੇ ਇੱਕ ਮੰਡਪ ਬਣਾਇਆ ਜਾਵੇ। ਗੁਰੂ ਜੀ ਥੋੜੇ ਕੁ ਦਿਨ ਹੋਰ ਉਥੇ ਰਹੇ। ਗੁਰੂ ਜੀ ਦੀ ਸੋਭਾ ਸੁਣ ਕੇ ਦੂਰੋਂ ਨੇੜਿਓਂ ਬਹੁਤ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਧਰਮ ਉਪਦੇਸ਼ ਵੀ ਲੈਣ ਆਈਆਂ। ਆਸਾਮ ਦਾ ਰਾਜਾ ਰਾਮ

ਵੀ ਗੁਰੂ ਜੀ ਦੀ ਸੋਭਾ ਸੁਣ ਕੇ ਸ਼ਰਧਾਂਜਲੀ ਭੇਟਾ ਕਰਨ ਆਇਆ। ਰਾਜੇ ਦੀ ਕੋਈ ਸੰਤਾਨ ਨਹੀਂ ਸੀ ਅਤੇ ਉਹ ਇੱਕ ਪੁੱਤਰ ਦੀ ਚਾਹਨਾ ਕਰਦਾ ਸੀ। ਰਾਜਾ ਆਪਣੀਆਂ ਰਾਣੀਆਂ ਨੂੰ ਵੀ ਨਾਲ ਲਿਆਇਆ ਸੀ ਅਤੇ ਡੰਡਉਤ ਕਰਨ ਪਿਛੋਂ ਉਸ ਨੇ ਗੁਰੂ ਜੀ ਅਗੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਮਿਹਰ ਕਰੋ ਇਸ ਡੁੱਬਦੇ ਬੇੜੇ ਨੂੰ ਕਿਨਾਰੇ ਲਾਉ।" ਗੁਰੂ ਜੀ ਨੇ ਆਪਣੇ ਹੱਥ ਤੋਂ ਮੁੰਦਰੀ ਲਾਹ ਕੇ ਇਸ ਦੀ ਛਾਪ ਨਾਲ ਰਾਜੇ ਦੇ ਪੱਟ ਉਤੇ ਨਿਸ਼ਾਨ ਲਾ ਦਿਤਾ ਅਤੇ ਬਚਨ ਕੀਤਾ, "ਮੇਰੀ ਮੋਹਰ ਦਾ ਨਿਸ਼ਾਨ ਤੇਰੇ ਪੁੱਤਰ ਦੇ ਮੱਥੇ ਤੇ ਹੋਵੇਗਾ। ਇਸ ਤੋਂ ਸਮਝਣਾ ਕਿ ਇਹ ਸੰਤਾਨ ਗੁਰੂ ਨਾਨਕ ਜੀ ਨੇ ਦਇਆ ਕਰਕੇ ਬਖਸ਼ੀ ਹੈ।"

ਆਸਾਮ ਵਿੱਚ ਵਿਚਰਦਿਆਂ ਗੁਰੂ ਜੀ ਕੂਚ ਬਿਹਾਰ, ਚੰਦਰ ਭੰਗਾ, ਕਿਸ਼ਨ ਗੰਜ ਅਤੇ ਪੂਰਨੀਆਂ ਵੀ ਗਏ।

## ਗੁਰੂ ਜੀ ਦੇ ਪੁਤੱਰ ਦਾ ਜਨਮ :

ਜਦ ਗੁਰੂ ਜੀ ਢਾਕਾ ਵਿੱਚ ਸਨ ਤਾਂ ਇੱਕ ਸਜਣ ਪਟਨੇ ਤੋਂ ਸੰਦੇਸ਼ਾ ਲੈ ਕੇ ਆਇਆ ਤੇ ਗੁਰੂ ਨੂੰ ਪੁੱਤਰ ਦੇ ਜਨਮ ਦੀ ਸੂਚਨਾ ਦਿੱਤੀ। ਪੁੱਤਰ ਦਾ ਜਨਮ ਪਟਨੇ ਵਿੱਚ ਪੋਹ ਸੁਦੀ ਸਤਮੀ ਸੰਮਤ ੧੭੨੩ (੨੬ ਦਸੰਬਰ ੧੬੬੬) ਨੂੰ ਹੋਇਆ ਸੀ। ਪਟਨੇ ਤੋਂ ਚੱਲਣ ਤੋਂ ਪਹਿਲਾਂ ਗੁਰੂ ਜੀ ਨੇ ਆਪਣੇ ਮਹਿਲ, ਮਾਤਾ ਗੁਜਰੀ ਜੀ, ਨੂੰ ਆਦੇਸ਼ ਦਿੱਤਾ ਸੀ ਕਿ ਬੱਚੇ ਦਾ ਨਾਮ ਗੋਬਿੰਦ ਰਾਇ ਰਖਣਾ। ਗੁਰੂ ਜੀ ਨੇ ਪਟਨੇ ਦੀ ਸਿੱਖ ਸੰਗਤ ਨੂੰ ਗੁਰੂ-ਪਰਵਾਰ ਦੀ ਦੇਖਭਾਲ ਕਰਨ ਲਈ ਧੰਨਵਾਦ ਦਾ ਇੱਕ ਪੱਤਰ ਲਿਖ ਭੇਜਿਆ।

ਕੁਹਰਮ ਸ਼ਹਿਰ ਵਿੱਚ ਇੱਕ ਮੁਸਲਮਾਨ ਪੀਰ ਭੀਖਨ ਸ਼ਾਹ ਰਹਿੰਦਾ ਸੀ। ਗੋਬਿੰਦ ਰਾਇ ਦੇ ਜਨਮ ਤੇ ਸਵੇਰੇ ਹੀ ਭੀਖਨ ਸ਼ਾਹ ਨੇ ਵੇਖਿਆ ਅਤੇ ਪੂਰਬ (ਪਟਨਾ) ਵੱਲ ਮੂੰਹ ਕਰਕੇ ਨਮਸਕਾਰ ਕੀਤੀ। ਉਸ ਦੇ ਚੇਲਿਆਂ ਨੇ ਪੁੱਛਿਆ ਕਿ ਪੀਰ ਜੀ ਪੂਰਬ ਵੱਲ ਸਿਰ ਕਿਉਂ ਨਿਵਾਇਆ ਹੈ ਜੋ ਮੁਸਲਮਾਨ ਧਰਮ ਦੀ ਮਰਿਆਦਾ ਵਿਰੁੱਧ ਹੈ। ਪੀਰ ਨੇ ਉਤਰ ਦਿੱਤਾ ਕਿ ਪੂਰਬ ਵਿੱਚ ਇੱਕ ਰੂਹਾਨੀ ਅਤੇ ਦੁਨਿਆਵੀ ਬਾਦਸ਼ਾਹ ਨੇ ਜਨਮ ਲਿਆ ਹੇ ਜੋ ਸੱਚਾ ਮਜ਼ਹਬ ਕਾਇਮ ਕਰੇਗਾ ਅਤੇ ਬਦੀ ਦਾ ਨਾਸ ਕਰੇਗਾ। ਭੀਖਨ ਸ਼ਾਹ ਆਪਣੇ ਚੇਲਿਆਂ ਨਾਲ ਬਾਲਕ ਸ਼ਹਿਜ਼ਾਦੇ ਦੇ ਦਰਸ਼ਨ ਕਰਨ ਪਟਨੇ ਵੱਲ ਚਲ ਪਿਆ। ਜਦ ਉਹ ਪਟਨੇ ਪੁੱਜਾ ਤਾਂ ਪੀਰ ਨੇ ਨਵ-ਜਨਮੇ ਬਾਲਕ ਦੇ ਦਰਸ਼ਨ ਕਰਾਉਣ ਲਈ ਕਿਹਾ। ਜਦ ਬਾਲਕ ਨੂੰ ਉਸ ਦੇ ਕੋਲ ਲਿਆਂਦਾ ਗਿਆ ਤਾਂ ਭੀਖਨ ਸ਼ਾਹ ਨੇ ਇਸ ਦੇ ਪੈਰਾਂ ਤੇ ਨਮਸਕਾਰ ਕੀਤੀ। ਉਸ ਨੇ ਬਾਲਕ ਅੱਗੇ ਦੋ ਮਿੱਟੀ ਦੇ ਛੋਟੇ ਬਰਤਨ, ਮਲਮਲ ਨਾਲ ਕੱਜੇ ਹੋਏ ਰੱਖੇ। ਇੱਕ ਵਿੱਚ ਦੁੱਧ ਸੀ ਅਤੇ ਦੂਜੇ ਵਿੱਚ ਪਾਣੀ। ਬੱਚੇ ਨੇ ਦੋਹਾਂ ਬਰਤਨਾਂ ਨੂੰ ਹੱਥ ਲਾਇਆ। ਭੀਖਨ ਸ਼ਾਹ ਨੇ ਪਰਵਾਰ ਦਾ ਧੰਨਵਾਦ ਕੀਤਾ ਕਿ ਬਾਲਕ ਦੇ ਦਰਸ਼ਨ ਕਰਨ ਦਾ ਮੌਕਾ ਦਿਤਾ ਅਤੇ ਵਾਪਸ ਜਾਣ ਲਈ ਤਿਆਰ ਹੋ ਗਿਆ। ਉਸ ਨੂੰ ਪੁਛਿਆ ਗਿਆ ਕਿ ਦੋ ਬਰਤਨਾਂ ਦਾ ਕੀ ਮਤਬ ਸੀ। ਭੀਖਣ ਸ਼ਾਹ ਨੇ ਦੱਸਿਆ ਕਿ ਇੱਕ ਹਿੰਦੁਆਂ ਵਾਸਤੇ ਸੀ ਅਤੇ ਦੂਜਾ ਮੁਸਲਮਾਨਾਂ ਦਾ ਨਿਸ਼ਾਨ। ਉਹ ਜਾਨਣਾ ਚਾਹੁੰਦਾ ਸੀ ਕਿ ਇਹ ਇਲਾਹੀ ਬਾਲਕ ਹਿੰਦੂਆਂ ਦਾ ਪੱਖ ਲਵੇਗਾ, ਜਾਂ ਮੁਸਲਮਾਨਾਂ ਦਾ। ਬਾਲਕ ਨੇ ਦੋਹਾਂ ਨੂੰ ਛੋਹ ਕੇ ਇਹ ਦਰਸਾਇਆ ਕਿ ਉਹ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦਾ ਪੱਖ ਲਵੇਗਾ ਅਤੇ ਦੋਹਾਂ ਨੂੰ ਆਪਣੇ ਮਜ਼ਹਬ ਵਿੱਚ ਸ਼ਾਮਲ ਕਰੇਗਾ।

ਤਦ ਗੁਰੂ ਜੀ ਆਸਾਮ ਤੋਂ ੧੬੭੦ ਦੇ ਸ਼ੁਰੂ ਸ਼ੁਰੂ ਵਿੱਚ ਆ ਗਏ ਅਤੇ ਬੰਗਾਈਗਾਉਂ, ਸੀਲਗੁਰੀ, ਅਤੇ ਕਠਿਹਾਰ ਹੁੰਦੇ ਹੋਏ ਪਟਨਾ ਪੁੱਜੇ। ਉਥੇ ਆਪਣੇ ਧਰਮ-ਭਰਾ ਕ੍ਰਿਪਾਲ ਚੰਦ ਜੀ ਨੂੰ ਲੋੜੀਂਦੇ ਆਦੇਸ਼ ਦੇ ਕੇ ਗੁਰੂ ਪੰਜਾਬ ਵਲ ਚਲ ਪਏ। ਉਹ ਜੌਨਪੁਰ, ਅਯੁਧਿਆ, ਲਖਨਊ, ਸ਼ਾਹਜਹਾਨਪੁਰ, ਮੁਰਾਦਾਬਾਦ ਵਿਚੋਂ ਸਫਰ ਕਰਦੇ ਚੱਕ ਨਾਨਕੀ (ਅਨੰਦਪੁਰ) ਪੁਜੇ। ਛੇਤੀ ਹੀ ਗੁਰੂ ਜੀ ਨੇ ਪਰਵਾਰ ਨੂੰ ਬੁਲਾ ਭੇਜਿਆ ਜੋ ਕੁਝ ਸਮਾਂ ਪਿਛੋਂ ਗੁਰੂ ਜੀ ਕੋਲ ਅਨੰਦਪੁਰ ਆ ਮਿਲੇ।

## ਔਰੰਗਜ਼ੇਬ ਵਲੋਂ ਜਹਾਦ :

ਔਰੰਗਜ਼ੇਬ ਭਾਰਤ ਦੇ ਤਖ਼ਤ ਤੇ ਆਪਣੇ ਪਿਤਾ ਨੂੰ ਕੈਦ ਅਤੇ ਆਪਣੇ ਭਰਾਵਾਂ ਨੂੰ ਕਤਲ ਕਰਕੇ ਬੈਠਾ ਸੀ। ਉਸ ਨੇ ਕੱਟੜ ਮੁਸਲਮਾਨਾਂ ਦੀ ਹਿਮਾਇਤ ਜਿਤਣ ਦਾ ਫੈਸਲਾ ਕੀਤਾ। ਉਸ ਦਾ ਵਿਚਾਰ ਸੀ ਬੁਤ-ਪੂਜ ਹਿੰਦੂਆ ਦਾ ਨਾਮ-ਨਿਸ਼ਾਨ ਮਿਟਾ ਦੇਣਾ ਅਤੇ ਸਾਰੇ ਭਾਰਤ ਨੂੰ ਮੁਸਲਮਾਨ ਬਣਾਉਣਾ। ਆਪਣੇ ਮੰਤਵ ਨੂੰ ਪੂਰਾ ਕਰਨ ਲਈ ਉਸ ਨੇ ਹਿੰਦੂਆਂ ਨਾਲ ਨਜਿਠਣ ਲਈ ਚਾਰ ਮੂਲ ਢੰਗ ਵਰਤਣ ਦੀ ਕੋਸ਼ਿਸ਼ ਕੀਤੀ। ਪਹਿਲਾਂ, ਸ਼ਾਂਤਮਈ ਗੱਲਬਾਤ ਦੀਆਂ ਸੈਨਤਾਂ ਸੁਟੀਆਂ, ਦੂਜਾ, ਉਸ ਨੇ ਰੁਪਏ ਪੈਸੇ ਦੇਣ ਦੀ ਪੇਸ਼ਕਸ਼ ਕੀਤੀ; ਤੀਜਾ, ਸਜ਼ਾ ਦੇਣ ਦੀ

ਧਮਕੀ ਦਿਤੀ ਅਤੇ, ਅਖੀਰ, ਉਹਨਾਂ ਵਿੱਚ ਫੁੱਟ ਪਾਉਣ ਦੀ ਕੋਸ਼ਿਸ਼। ਜਦ ਇਹ ਸਾਰੇ ਢੰਗ ਸਫਲ ਨਾ ਹੋਏ ਉਸ ਨੇ ਜ਼ਬਰਦਸਤੀ ਮੁਸਲਮਾਨ ਬਣਾਉਣ ਦਾ ਰਾਹ ਫੜਿਆ। ਸਾਰੇ ਸੂਬਿਆਂ ਦੇ ਗਵਰਨਰਾਂ ਨੂੰ ਹੁਕਮ ਦਿਤੇ ਗਏ ਕਿ ਕਾਫਰਾਂ ਦੇ ਸਕੂਲ ਅਤੇ ਮੰਦਰ ਢਾਹ ਦਿਤੇ ਜਾਣ ਅਤੇ ਇਸ ਤਰ੍ਹਾਂ ਉਹਨਾਂ ਦੀ ਵਿਦਿਆ ਅਤੇ ਧਰਮ-ਕਰਮ ਨਾਸ਼ ਕਰ ਦਿੰਤੇ ਜਾਣ। ਕਾਫਰ ਤੋਂ ਭਾਵ ਸੀ ਅਨ-ਮੁਸਲਿਮ ਅਰਥਾਤ ਹਿੰਦੂ ਲੋਕ। ਮਥਰਾ ਅਤੇ ਬਨਾਰਸ ਵਿੱਚ ਬਹੁਤ ਸਾਰੇ ਮੰਦਰ ਢਾਹ ਦਿਤੇ ਗਏ। ਸਰਹਿੰਦ ਦੇ ਖ਼ਿਜ਼ਰਾਬਾਦ ਪਰਗਨੇ ਵਿੱਚ ਬੁਰੀਆ ਦਾ ਇੱਕ ਸਿੱਖ ਗੁਰਦੁਆਰਾ ਵੀ ਢਾਹ ਦਿਤਾ ਗਿਆ ਅਤੇ ਉਸ ਦੀ ਥਾਂ ਇੱਕ ਮਸੀਤ ਉਸਾਰੀ ਗਈ। ਕੁਝ ਸਿੱਖਾਂ ਨੇ ਮਸੀਤ ਉਤੇ ਹਮਲਾ ਕਰਕੇ ਇਸ ਦੇ ਮੌਲਵੀ ਨੂੰ ਮਾਰ ਦਿੱਤਾ। ਇਹੋ ਜੇਹੀਆ ਘਟਨਾਵਾਂ ਆਮ ਹੋਣ ਲੱਗੀਆਂ ਸਨ। ਜੋਰੀ ਮੁਸਲਮਾਨ ਬਨਾਉਣ ਲਈ ਹਰ ਸੰਭਵ ਢੰਗ ਵਰਤਿਆ ਗਿਆ। ਟੈਕਸ ਦੇ ਮਾਮਲੇ ਵਿੱਚ ਪੱਖ-ਪਾਤ ਦੀ ਨੀਤੀ ਬੜੇ ਧੜੱਲੇ ਨਾਲ ਸ਼ੁਰੂ ਕੀਤੀ ਗਈ। ਜਜ਼ੀਆ ਅਤੇ ਯਾਤਰਾ ਟੈਕਸ ਮੁੜ ਲਾਏ ਗਏ। ਹਿੰਦੂਆਂ ਉਤੇ ਪੰਜ ਪ੍ਰਤੀਸ਼ਤ ਚੁੰਗੀ ਲਾਈ ਗਈ ਜਦ ਕਿ ਮੁਸਲਮਾਨਾਂ ਵਾਸਤੇ ਇਸ ਤੋਂ ਕੇਵਲ ਅੱਧੀ ਸੀ।

ਧਰਮ ਬਦਲਾਉਣ ਲਈ ਰਾਜ ਅਧਿਕਾਰੀਆਂ ਦੇ ਜੋਸ਼, ਅਤਿਆਚਾਰ ਅਤੇ ਤਲਵਾਰ ਦੇ ਜ਼ੋਰ ਮੁਸਲਮਾਨ ਬਨਾਉਣ ਦੇ ਅੰਦੋਲਨ ਨੇ ਦੇਸ਼ ਭਰ ਵਿੱਚ ਡਰ ਦੀ ਲਹਿਰ ਚਲਾ ਦਿਤੀ। ਬਾਦਸ਼ਾਹ ਦੇ ਕਸ਼ਮੀਰ ਦੇ ਗਵਰਨਰ ਸ਼ੇਰ ਅਫਗਾਨ ਖਾਨ ਨੇ ਕਸ਼ਮੀਰੀ ਹਿੰਦੁਆਂ ਨੂੰ ਜੋਰੋਜੋਰੀ ਮੁਸਲਮਾਨ ਬਨਾਉਣਾ ਸ਼ੁਰੂ ਕੀਤਾ ਅਤੇ ਜਿਹੜੇ ਲੋਕ ਇਸਲਾਮ ਵਿੱਚ ਸ਼ਾਮਲ ਹੋਣ ਦਾ ਵਿਰੋਧ ਕਰਦੇ ਸਨ ਉਹਨਾਂ ਨੂੰ ਕਤਲ ਕਰ ਦਿੱਤਾ ਜਾਂਦਾ। ਇਥੋਂ ਤਕ ਕਿ ਜਿਹੜੇ ਮੁਸਲਮਾਨ ਹਿੰਦੂਆਂ ਦੀ ਸਹਾਇਤਾ ਕਰਦੇ ਓਹ ਵੀ ਬੇਤਰਸੀ ਨਾਲ ਮਾਰ ਦਿੱਤੇ ਜਾਂਦੇ। ਇਸ ਅਸਹਿ ਕਤਲੇਆਮ ਤੋਂ ਹੋਏ ਅਤਿਅੰਤ ਸੰਤਾਪ-ਵੱਸ ਕਸ਼ਮੀਰ ਦੇ ਬ੍ਰਾਹਮਣ ਪ੍ਰੋਹਤਾਂ ਨੇ ਆਪਣੇ ਦੇਵਤਿਆਂ ਕੋਲ ਪੁਕਾਰ ਕੀਤੀ। ਕਿਹਾ ਜਾਂਦਾ ਹੈ ਕਿ ਕਸ਼ਮੀਰੀ ਬ੍ਰਾਹਮਣਾਂ ਨੂੰ ਅਕਾਸ਼ਵਾਣੀ ਹੋਈ ਕਿ 'ਗੁਰੂ ਨਾਨਕ ਇਸ ਯੁਗ ਦੇ ਰੂਹਾਨੀ ਪਾਤਸ਼ਾਹ ਹਨ ਜਿਨ੍ਹਾਂ ਦੀ ਗੱਦੀ ਤੇ ਹੁਣ ਗੁਰੂ ਤੇਗ ਬਹਾਦਰ ਹਨ। ਉਸ ਕੋਲ ਜਾਉ, ਉਹ ਤੁਹਾਡੇ ਮਾਣ ਅਤੇ ਧਰਮ ਦੀ ਰੱਖਿਆ ਕਰੇਗਾ।"

## ਕਸ਼ਮੀਰੀ ਬ੍ਰਾਹਮਣ ਗੁਰੂ ਜੀ ਕੋਲ ਆਏ :

ਕਸ਼ਮੀਰੀ ਪੰਡਤਾਂ ਦਾ ਇੱਕ ਪ੍ਰਤੀਨਿਧ ਮੰਡਲ ਅਨੰਦਪੁਰ ਆਇਆ ਅਤੇ ਆਪਣੇ ਸੰਤਾਪ ਦੇ ਹੰਝੂ ਵਹਾਉਂਦਿਆਂ ਉਹਨਾਂ ਨੇ ਗੁਰੂ ਜੀ ਅਗੇ ਆਪਣੇ ਦੁਖ ਅਤੇ ਕਸ਼ਟ ਦੀ ਵਾਰਦਾਤ ਸੁਣਾਈ। ਗੁਰੂ ਜੀ ਦਾ ਅੱਠ ਵਰ੍ਹੇ ਦਾ ਸਪੁੱਤਰ ਗੋਬਿੰਦ ਰਾਇ ਉਥੇ ਆ ਨਿਕਲਿਆ ਅਤੇ ਪਿਤਾ ਜੀ ਨੂੰ ਪੁੱਛਿਆ ਕਿ ਇਹਨਾਂ ਲੋਕਾਂ ਦੀਆਂ ਅੱਖਾਂ ਵਿੱਚ ਹੰਝੂ ਕਿਉਂ ਹਨ। ਗੁਰੂ ਜੀ ਨੇ ਉਤਰ ਦਿੱਤਾ, "ਭਾਰਤ ਦਾ ਬਾਦਸ਼ਾਹ ਤਲਵਾਰ ਦੇ ਜ਼ੋਰ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਹੈ ਜਿਸ ਕਰਕੇ ਇਹ ਲੋਕ ਬੇਅੰਤ ਦੁਖੀ ਹਨ।"

ਬਾਲਕ ਗੋਬਿੰਦ ਰਾਇ ਨੇ ਪੁਛਿਆ, "ਪਿਤਾ ਜੀ ਇਸ ਦਾ ਇਲਾਜ ਕੀਹ ਹੇ ?"

ਗੁਰੂ ਜੀ ਨੇ ਉਤਰ ਦਿੱਤਾ, "ਇਸ ਦੇ ਵਾਸਤੇ ਕੁਰਬਾਨੀ ਚਾਹੀਦੀ ਹੈ, ਇੱਕ ਪਵਿਤਰ ਅਤੇ ਮਹਾਨ ਆਤਮਾ ਦੀ ਕੁਰਬਾਨੀ।"ਸਪੁੱਤਰ ਨੇ ਫਿਰ ਕਿਹਾ, "ਪਿਆਰੇ ਪਿਤਾ ਜੀ, ਇਸ ਯੁਗ ਵਿੱਚ ਆਪ ਜੀ ਨਾਲੋਂ ਵਧੇਰੇ ਪਵਿੱਤਰ ਕੌਣ ਹੈ ? ਜਾਉ ਅਤੇ ਆਪਣਾ ਆਪ ਅਰਪਣ ਕਰਕੇ ਇਹਨਾਂ ਲੋਕਾਂ ਦੀ ਅਤੇ ਇਹਨਾਂ ਦੇ ਧਰਮ ਦੀ ਰੱਖਿਆ ਕਰੋ।" ਇਹ ਸੁਣਕੇ ਗੁਰੂ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਕਿਹਾ ਕਿ ਜਾਉ ਅਤੇ ਬਾਦਸ਼ਾਹ ਨੂੰ ਇਹ ਦਰਖ਼ਾਸਤ ਦਿਉ, "ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਅੱਜਕਲ੍ਹ ਗੁਰੂ ਨਾਨਕ ਸਾਹਿਬ ਦੀ ਗੱਦੀ ਤੇ ਹਨ ਜੋ ਦੀਨ ਅਤੇ ਈਮਾਨ ਦੇ ਰਖਵਾਲੇ ਹਨ। ਪਹਿਲਾਂ ਉਨ੍ਹਾਂ ਨੂੰ ਮੁਸਲਮਾਨ ਬਣਾਉ, ਫਿਰ ਸਾਰੇ ਲੋਕ, ਸਣੇ ਸਾਡੇ, ਆਪਣੀ ਮਰਜ਼ੀ ਨਾਲ ਮੁਸਲਮਾਨ ਬਣ ਜਾਣਗੇ।"

## ਗੁਰੂ ਜੀ ਦਿੱਲੀ ਬੁਲਾਏ ਗਏ :

ਪੰਡਤਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਬਾਦਸ਼ਾਹ ਕੋਲ ਇਹ ਤਜਵੀਜ਼ ਪੇਸ਼ ਕਰ ਦਿੱਤੀ।ਇਹ ਸੁਣ ਕੇ ਬਾਦਸ਼ਾਹ ਬੜਾ ਹੀ ਖੁਸ਼ ਹੋਇਆ ਕਿਉਂਕਿ ਉਸ ਨੇ ਸੋਚਿਆ ਕਿ ਇੱਕ ਆਦਮੀ ਨੂੰ ਮੁਸਲਮਾਨ ਬਨਾਉਣਾ ਸਾਰੇ ਲੋਕਾਂ ਨੂੰ ਬਨਾਉਣ ਨਾਲੋਂ ਬੜਾ ਸੌਖਾ ਹੋਵੇਗਾ। ਉਸ ਨੇ ਕਿਹਾ, "ਜੇ ਗੁਰੂ ਸਾਹਿਬ ਮੁਸਲਮਾਨ ਨਹੀਂ ਬਣਦੇ, ਤਾਂ ਘਟੋ ਘਟ ਸਾਨੂੰ ਇੱਕ ਕਰਾਮਾਤ ਤਾਂ ਦਿਖਾਉਣਗੇ।" ਬਾਦਸ਼ਾਹ ਨੂੰ ਆਸ ਸੀ ਕਿ ਇੱਕ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਤਾਂ ਹਿੰਦੂਆਂ ਅਤੇ ਸਿੱਖਾਂ ਦੀ ਭਾਰੀ ਗਿਣਤੀ ਮੁਸਲਮਾਨ ਬਣ ਜਾਵੇਗੀ। ਸੋ, ਬਾਦਸ਼ਾਹ ਨੇ ਆਪਣਾ

ਏਲਚੀ ਗੁਰੂ ਜੀ ਕੋਲ ਭੇਜਿਆ ਉਨ੍ਹਾਂ ਨੂੰ ਦਿੱਲੀ ਆਉਣ ਵਾਸੇਤ ਸੱਦਾ ਪੱਤਰ ਦੇਣ ਲਈ। ਗੁਰੂ ਜੀ ਨੇ ਬਾਦਸ਼ਾਹ ਦਾ ਸੁਨੇਹਾ ਸੁਣਕੇ ਸਿੱਖ ਭੇਜਿਆ ਕਿ ਉਹ ਬਰਸਾਤਾਂ ਦੀ ਰੁਤ ਪਿਛੋਂ ਦਿੱਲੀ ਆਉਣਗੇ।

## ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ :

ਜੂਨ-ਜੁਲਾਈ ਵਿੱਚ ਇੱਕ ਸਮੇਂ ਗੁਰੂ ਜੀ ਨੇ ਆਪਣੇ ਪਰਵਾਰ ਅਤੇ ਸ਼ਰਧਾਲੂ ਸਿੱਖਾਂ ਤੋਂ ਵਿਦਾ ਲਈ ਅਤੇ ਦਿੱਲੀ ਵਲ ਚੱਲ ਪਏ। ਅਨੰਦਪੁਰ ਤੋਂ ਉਹ ਕੀਰਤਪੁਰ, ਰੋਪੜ ਅਤੇ ਕਈ ਪਿੰਡਾਂ ਵਿਚੋਂ ਲੰਘ ਕੇ ਪਟਿਆਲਾ ਰਿਆਸਤ ਵਿੱਚ ਸੈਫਾਬਾਦ ਆਹਪਣੇ ਮਿਤਰ ਸੈਫ-ਉਲ-ਦੀਨ ਨੂੰ ਮਿਲਣ ਲਈ ਪੁੱਜੇ। ਉਸ ਕੋਲ ਗੁਰੂ ਜੀ ਕੁਝ ਸਮਾਂ ਠਹਿਰੇ। ਸੈਫ-ਉਲ-ਦੀਨ ਗੁਰੂ ਜੀ ਦਾ ਸਿੱਖ ਬਣ ਗਿਆ। ਉਥੋਂ ਗੁਰੂ ਜੀ ਸਮਾਨਾ ਗਏ ਜਿਥੇ ਉਹ ਇੱਕ ਹੋਰ ਸ਼ਰਧਾਲੂ, ਮੁਹੰਮਦ ਬਖਸ਼ ਨੂੰ ਮਿਲੇ। ਗੁਰੂ ਜੀ ਆਪਣਾ ਸਫਰ ਜਾਰੀ ਰੱਖਿਆ, ਅਤੇ ਕੈਥਲ, ਲੱਖਣ ਮਾਜਰਾ, ਰੋਹਤਕ ਅਤੇ ਹੋਰ ਥਾਵਾਂ ਤੋਂ ਹੁੰਦੇ ਹੋਏ ਆਪਣੇ ਸ਼ਰਧਾਲੂਆਂ ਉਤੇ ਸੰਸਾਰਕ ਅਤੇ ਰੂਹਾਨੀ ਬਖਸ਼ਿਸ਼ਾਂ ਕਰਦੇ ਅਖੀਰ ਆਗਰਾ ਪੁੱਜੇ। ਉਥੇ ਉਨ੍ਹਾਂ ਨੇ ਸ਼ਹਿਰ ਤੋਂ ਬਾਹਰ ਇੱਕ ਬਾਗ ਵਿੱਚ ਡੇਰਾ ਲਾ ਲਿਆ।

ਬਰਸਾਤ ਰੁੱਤ ਪਿਛੋਂ ਬਾਦਸ਼ਾਹ ਨੇ ਆਪਣਾ ਏਲਚੀ ਫਿਰ ਭੇਜਿਆ ਗੁਰੂ ਜੀ ਨੂੰ ਦਿੱਲੀ ਛੇਤੀ ਆਉਣ ਦੇ ਸੰਦੇਸ਼ ਦੇਣ ਲਈ। ਜਦ ਏਲਚੀ ਨੂੰ ਗੁਰੂ ਜੀ ਕਿਤੇ ਨਾ ਕਿਲੇ ਤਾਂ ਬਾਦਸ਼ਾਹ ਨੂੰ ਦੱਸਿਆ ਕਿ ਗੁਰੂ ਜੀ ਨੱਸ ਗਏ ਹਨ।[2] ਰਾਜ ਦੇ ਸਭ ਪਾਸੇ ਹੁਕਮ ਦਿੱਤਾ ਗਿਆ ਕਿ ਗੁਰੂ ਜੀ ਨੂੰ ਲੱਭ ਕੇ ਕੈਦ ਕੀਤਾ ਜਾਵੇ। ਗੁਰੂ ਜੀ ਨੂੰ ਕਿਸ ਥਾਂ ਕੈਦ ਕੀਤਾ ਗਿਆ, ਇਸ ਸਬੰਧੀ ਵੱਖ ਵੱਖ ਵਿਚਾਰ ਹਨ। ਕਈ ਲੇਖਕ ਕਹਿੰਦੇ ਹਨ ਕਿ ਗੁਰੂ ਜੀ ਨੂੰ ਧਾਮਧਨ ਕੈਦ ਕੀਤਾ ਗਿਆ; ਕੁਝ ਦਸਦੇ ਹਨ ਕਿ ਰੋਪੜੇ ਨੇੜੇ ਮਲਿਕਪੁਰ ਕੈਦ ਹੋਏ ਅਤੇ ਕਈ ਖਿਆਲ ਕਰਦੇ ਹਨ ਕਿ ਗੁਰੂ ਜੀ ਨੂੰ ਦਿੱਲੀ ਵਿੱਚ ਕੈਦ ਕੀਤਾ ਸੀ। ਪਰ ਕੁਝ ਹੋਰ ਲੇਖਕ ਆਗਰੇ ਕੈਦ ਹੋਣਾ ਲਿਖਦੇ ਹਨ। ਸਿੱਖ ਇਤਿਹਾਸ ਅਨੁਸਾਰ ਆਗਰੇ ਇੱਕ ਗਰੀਬ ਬਿਰਧ, ਹਸਨ ਅਲੀ ਰਹਿੰਦਾ ਸੀ। ਉਸ ਨੂੰ ਪਤਾ ਸੀ ਕਿ ਗੁਰੂ ਜੀ ਨੂੰ ਕੈਦ ਕਰਨ ਦਾ ਸ਼ਾਹੀ ਹੁਕਮ ਹੋਇਆ ਹੋਇਆ ਹੈ ਅਤੇ ਜੋ ਕੋਈ ਕੈਦ ਕਰਾਉਣ ਦਾ ਵਸੀਲਾ ਬਣੇਗਾ ਉਸ ਨੂੰ ਇੱਕ ਹਜ਼ਾਰ ਰੁਪਿਆ ਇਨਾਮ ਮਿਲੇਗਾ।ਹਸਨ ਅਲੀ ਨੇ ਅਰਦਾਸ ਕੀਤੀ, "ਹੇ ਸੱਚੇ ਗੁਰੂ, ਜੇ ਆਪ ਕਦੀ ਵੀ ਕੈਦ ਹੋਣਾ ਚਾਹੋਗੇ ਤਾਂ ਮੇਰੇ ਰਾਹੀਂ ਹੋਣਾ। ਇਸ ਨਾਲ ਮੈਨੂੰ ਕੁਝ ਧਨ ਮਿਲ ਜਾਏਗਾ ਅਤੇ ਮੈਂ ਆਪਣੇ ਪਰਵਾਰ ਨੂੰ ਜ਼ਲੀਲ ਗਰੀਬੀ ਦੇ ਪੰਜੇ ਵਿਚੋਂ ਕੱਢ ਲਵਾਂਗਾ"। ਸੋ, ਦਿਲਾਂ ਦੀਆਂ ਜਾਨਣਹਾਰ ਗੁਰੂ ਜੀ ਆਗਰੇ ਆ ਕੇ ਹਸਨ ਅਲੀ ਰਾਹੀਂ ਕੈਦ ਹੋਏ ਸਨ।

ਇੱਕ ਦਿਨ ਗੁਰੂ ਜੀ ਨੇ ਬਾਗ ਵਿੱਚ ਇੱਕ ਆਜੜੀ ਲੜਕਾ ਦੇਖਿਆ ਅਤੇ ਉਸ ਨੂੰ ਆਪਣੀ ਹੀਰਿਆਂ-ਜੜੀ ਸੋਨੇ ਦੀ ਮੁੰਦਰੀ ਦਿਤੀ ਕਿ ਇਹ ਗਿਰਵੀ ਰੱਖ ਕੇ ਦੋ ਰੁਪਏ ਦੀ ਮਿਠਾਈ ਲਿਆ ਦੇਵੇ। ਜਦ ਲੜਕੇ ਨੇ ਕਿਹਾ ਕਿ ਉਸ ਕੋਲ ਕੋਈ ਕਪੜਾ ਨਹੀਂ ਜਿਸ ਵਿੱਚ ਲਪੇਟ ਕੇ ਮਿਠਾਈ ਲਿਆ ਸਕੇ, ਤਾਂ ਗੁਰੂ ਜੀ ਨੇ ਉਸ ਨੂੰ ਆਪਣੀ ਕੀਮਤੀ ਸ਼ਾਲ ਇਸ ਕੰਮ ਲਈ ਦਿੱਤੀ। ਲੜਕਾ ਆਪਣੇ ਦਾਦੇ ਹਸਨ ਅਲੀ ਨੂੰ ਲੈ ਕੇ ਨਾਨਬਾਈ ਦੀ ਦੁਕਾਨ ਤੇ ਆਇਆ ਅਤੇ ਮੁੰਦਰੀ ਦੇ ਕੇ ਸ਼ਾਲ ਵਿੱਚ ਲਪੇਟਣ ਲਈ ਮਿਠਾਈ ਮੰਗੀ। ਮੁੰਦਰੀ ਅਤੇ ਕੀਮਤੀ ਸ਼ਾਲ ਵੇਖ ਕੇ ਨਾਨਬਾਈ ਬੜਾ ਹੈਰਾਨ ਹੋਇਆ ਅਤੇ ਲੜਕੇ ਨੂੰ ਪੁਛਿਆ ਕਿ ਇਹ ਚੀਜ਼ਾਂ ਉਸ ਨੂੰ ਕਿਸ ਨੇ ਦਿਤੀਆਂ ਹਨ। ਲੜਕੇ ਨੇ ਸੱਚ ਦੱਸ ਦਿਤਾ ਪਰ ਨਾਨਬਾਈ ਨੂੰ ਸ਼ੱਕ ਪੈ ਗਿਆ ਅਤੇ ਲੜਕੇ ਨੂੰ ਪੁਲਿਸ ਕੋਲ ਲੈ ਗਿਆ। ਪੁਲਿਸ ਦਾ ਅਫਸਰ ਲੜਕੇ ਨਾਲ ਬਾਗ ਵਿੱਚ ਆਇਆ ਅਤੇ ਗੁਰੂ ਜੀ ਨੂੰ ਪੁਛਿਆ ਕਿ ਉਹ ਕੌਣ ਹਨ। ਜਦ ਗੁਰੂ ਜੀ ਨੇ ਦਸਿਆ ਤਾਂ ਪੁਲਿਸ ਅਫਸਰ ਬੜਾ ਖੁਸ਼ ਹੋਇਆ ਕਿ ਉਸ ਨੂੰ ਬਾਦਸ਼ਾਹ ਕੋਲੋਂ ਭਾਰੀ ਇਨਾਮ ਮਿਲੇਗਾ, ਗੁਰੂ ਜੀ ਨੂੰ ਕੈਦ ਕਰਨ ਦੇ ਇਵਜ਼ ਵਿੱਚ। ਕਿਲੇ ਦੇ ਗਵਰਨਰ ਨੇ ਗੁਰੂ ਜੀ ਨੂੰ ਕੈਦ ਕਰਨ ਦੀ ਖਬਰ ਭੇਜ ਦਿਤੀ। ਅਖੀਰ ਗੁਰੂ ਜੀ ਨੂੰ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨਾਲ ਤਿੰਨ ਸਿੱਖ ਸਨ, ਭਾਈ ਮਤੀਦਾਸ, ਭਾਈ ਦਿਆਲਾ ਅਤੇ ਭਾਈ ਸਤੀਦਾਸ। (ਕਈ ਲੇਖਕ ਪੰਜ ਸਿੱਖ ਦਸਦੇ ਹਨ—ਮਤੀਦਾਸ, ਗੁਰਦਿਤਾ, ਊਦਾ, ਚੀਮਾ ਅਤੇ ਦਿਆਲਾ) ਇਹ ਸਿੱਖ ਵੀ ਕੈਦ ਕੀਤੇ ਅਤੇ ਦਿੱਲੀ ਲਿਆਂਦੇ ਗਏ।[3]

ਬਾਦਸ਼ਾਹ ਨੇ ਦਸਿਆ ਕਿ ਅੱਲਾਹ ਉਸ ਨੂੰ ਇੱਕ ਸੁਫਨੇ ਵਿੱਚ ਦਿਖਾਈ ਦਿਤਾ ਅਤੇ ਉਸ ਨੇ ਸਾਰੀ ਦੁਨੀਆਂ ਨੂੰ ਇਸਲਾਮ ਵਿੱਚ ਸ਼ਾਮਲ ਕਰਾਉਣ ਲਈ ਕਿਹਾ। ਜੋ ਲੋਕ ਇਸਲਾਮ ਧਾਰਨ ਕਰਨ ਉਹਨਾਂ ਨੂੰ ਦੌਲਤ, ਨੌਕਰੀਆਂ, ਜ਼ਮੀਨੀ ਮਾਮਲੇ ਦੀ ਛੋਟ, ਅਤੇ ਜ਼ਮੀਨਾਂ ਇਨਾਮ ਵਜੋਂ ਦਿੱਤੀਆਂ ਜਾਣਗੀਆਂ। ਬਾਦਸ਼ਾਹ ਨੇ ਗੁਰੂ ਜੀ ਨੂੰ ਲੁਭਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਇਸ ਤਰ੍ਹਾਂ ਆਪ ਦੇ ਬਹੁਤ ਸਾਰੇ ਚੇਲੇ ਬਣ ਜਾਣਗੇ ਅਤੇ ਆਪ ਇਸਲਾਮ ਦੇ ਇੱਕ ਬਹੁਤ ਵੱਡੇ ਇਮਾਮ ਬਣ ਜਾਉਗੇ। ਸੋ, ਆਪ ਮੇਰਾ ਦੀਨ, ਇਸਲਾਮ, ਅਪਣਾ ਲਉ ਅਤੇ ਆਪ ਨੂੰ ਜੋ ਅਪੜੇ ਦਿਲ ਦੀ ਖਾਹਸ਼ ਹੋਵੇ ਦਿਤਾ ਜਾਏਗਾ।" ਗੁਰੂ ਜੀ ਨੇ ਕਿਹਾ ਕਿ ਸਵਾ ਮਣ ਕਾਲੀ ਮਿਰਚ ਮੰਗਵਾਉ। ਜਦ ਇਹ ਲਿਆਂਦੀ ਗਈ ਤਾਂ ਇਸ ਨੂੰ ਇੱਕ ਢੇਰੀ ਬਣਾਕੇ ਅੱਗ ਲਾ ਦਿੱਤੀ। ਮਿਰਚਾਂ ਦਾ

ਢੇਰ ਚਵੀ ਘੰਟੇ ਸੜਦਾ ਰਿਹਾ ਅਤੇ ਸਵਾਹ ਬਣ ਗਿਆ। ਇਸ ਸਵਾਹ ਦੇ ਢੇਰ ਨੂੰ ਪੀਸ ਕੇ ਛਾਣਿਆ ਗਿਆ। ਕਾਲੀਆਂ ਮਿਰਚਾਂ ਦੇ ਕੇਵਲ ਤਿੰਨ ਦਾਣੇ ਸਾਬਤ ਨਿਕਲੇ। ਗੁਰੂ ਜੀ ਨੇ ਬਾਦਸ਼ਾਹ ਨੂੰ ਕਿਹਾ, "ਆਪ ਚਾਹੁੰਦੇ ਹੋ ਕਿ ਹਿੰਦੂਆਂ ਅਤੇ ਮੁਸਲਮਾਨ ਦੋਹਾਂ ਧਰਮਾਂ ਵਿਚੋਂ ਇੱਕ ਇਸਲਾਮ ਹੀ ਕਾਇਮ ਕੀਤਾ ਜਾਏ ਪਰ ਜਿਵੇਂ ਮਿਰਚ ਦੇ ਇਹ ਤਿੰਨ ਦਾਣੇ ਅੱਗ ਵਿਚੋਂ ਬਚੇ ਹਨ, ਅਕਾਲ ਪੁਰਖ ਦੀ ਰਜ਼ਾ ਹੈ ਦੋ ਧਰਮਾਂ ਵਿਚੋਂ ਤਿੰਨ ਬਨਾਉਣ ਲਈ। ਸੋ ਆਉਣ ਵਾਲੇ ਸਮੇਂ ਵਿੱਚ ਤਿੰਨ ਧਰਮ ਹੋਣਗੇ, ਹਿੰਦੂ, ਮੁਸਲਮਾਨ ਅਤੇ ਸਿੱਖ।"

ਇਹ ਸੁਣ ਕੇ ਗੁਰੂ ਜੀ ਨੂੰ ਕੈਦ ਕਰਨ ਅਤੇ ਦੁਆਲੇ ਪੂਰਾ ਪਹਿਰਾ ਰੱਖਣ ਦਾ ਹੁਕਮ ਦਿਤਾ ਗਿਆ।ਗੁਰੂ ਜੀ ਨੂੰ ਫਿਰ ਬੁਲਾ ਕੇ ਕਿਹਾ ਗਿਆ ਕਿ ਜੇ ਉਹ ਇਸਲਾਮ ਧਾਰਨ ਕਰ ਲੈਣ ਤਾਂ ਉਨ੍ਹਾਂ ਦੀ ਹਰ ਤਰ੍ਹਾਂ ਦੀ ਖਾਤਰ ਕੀਤੀ ਜਾਏਗੀ, ਨਹੀਂ ਤਾਂ ਸਖਤ ਕਸ਼ਟ ਦਿੱਤੇ ਜਾਣਗੇ। ਗੁਰੂ ਜੀ ਨੇ ਉਤਰ ਦਿਤਾ ਕਿ ਉਹ ਇਸਲਾਮ ਕਦੀ ਵੀ ਧਾਰਨ ਨਹੀਂ ਕਰਨਗੇ; ਅਤੇ ਇਸ ਤਰ੍ਹਾਂ ਗੁਰੂ ਜੀ ਅੱਠ ਦਿਨ ਦਿੱਲੀ ਜੇਲ੍ਹ ਵਿੱਚ ਰਹੇ। ਗੁਰੂ ਜੀ ਨੂੰ ਤਿੰਨ ਗੱਲਾਂ ਵਿਚੋਂ ਇੱਕ ਚੁਣਨ ਲਈ ਕਿਹਾ ਗਿਆ : ਪਹਿਲੀ, ਇਸਲਾਮ ਧਾਰਨ ਕਰ ਲੈਣ; ਦੂਜਾ, ਕੋਈ ਕਰਾਮਾਤ ਦਿਖਾਉਣ; ਨਹੀਂ ਤਾਂ, ਤੀਜਾ, ਮਰਨ ਲਈ ਤਿਆਰ ਹੋ ਜਾਣ। ਗੁਰੂ ਜੀ ਨੇ ਉਤਰ ਦਿਤਾ ਕਿ ਕਰਾਮਾਤ ਵਿਖਾਉਣੀ ਅਕਾਲਪੁਰਖ ਦੀ ਰਜ਼ਾ ਦਾ ਵਿਰੁਧ ਹੈ, ਸੋ ਬਾਦਸ਼ਾਹ ਦੀਆਂ ਤਜਵੀਜ਼ਾਂ ਨਹੀਂ ਮੰਨਦੇ ਅਤੇ ਬਾਦਸ਼ਾਹ ਨੂੰ ਜੋ ਚੰਗਾ ਲਗਦਾ ਹੈ ਕਰੇ। ਤਦ ਗੁਰੂ ਜੀ ਨੂੰ ਬੇਹੱਦ ਕਸ਼ਟ ਦਿੱਤੇ ਗਏ।

ਕਿਹਾ ਜਾਂਦਾ ਹੈ ਕਿ ਗੁਰੂ ਜੀ ਅਤੇ ਭਾਈ ਮਤੀਦਾਸ ਦੀ ਗੱਲਬਾਤ ਹੋਈ। ਗੁਰੂ ਜੀ ਨੇ ਮਤੀਦਾਸ ਨੂੰ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਬਾਦਸ਼ਾਹ ਬਾਬਰ ਨੂੰ ਲੰਮੇ ਸਮੇਂ ਤਕ ਰਾਜ ਕਰਦੇ ਰਹਿਣ ਦੀ ਬਖਸ਼ਿਸ਼ ਕੀਤੀ ਸੀ। ਕਿਉਂਕਿ ਮੁਗਲ ਬਾਦਸ਼ਾਹਾਂ ਨੇ ਘੋਰ ਅਤਿਆਚਾਰ ਕਰਨੇ ਸ਼ੁਰੂ ਕਰ ਦਿਤੇ ਸਨ ਸੋ ਜੇ ਗੁਰੂ ਜੀ ਨੇ ਆਪਣੀ ਜਾਨ ਦੇ ਦਿਤੀ ਤਾਂ ਮੁਗਲ ਬਾਦਸ਼ਾਹਾਂ ਦੀ ਵੰਸ਼ ਤਬਾਹ ਹੋ ਜਾਵੇਗੀ। ਇਹ ਗੱਲਬਾਤ ਇੱਕ ਕਾਜ਼ੀ ਨੇ ਛੁਪ ਕੇ ਸੁਣ ਲਈ ਜਿਸ ਦੇ ਫਲਸਵਰੂਪ ਭਾਈ ਮਤੀਦਾਸ ਨੂੰ ਦੋ ਥੰਮ੍ਹਾਂ ਵਿੱਚ ਖੜੇ ਬੰਨ੍ਹ ਕੇ ਦੋਫਾੜ ਚੀਰ ਦਿਤਾ। ਜਦ ਜਲਾਦਾਂ ਨੇ ਆਰਾ ਭਾਈ ਮਤੀਦਾਸ ਦੇ ਸਿਰ ਤੇ ਰੱਖਿਆ ਤਾਂ ਇਸ ਨੇ ਜਪੁਜੀ ਸਾਹਿਬ ਜੀ ਦਾ ਪਾਠ ਸ਼ੁਰੂ ਕਰ ਦਿਤਾ। ਕਿਹਾ ਜਾਂਦਾ ਹੈ ਕਿ ਜਦ ਇਸ ਦਾ ਸਰੀਰ ਦੋਫਾੜ ਹੋ ਗਿਆ ਤਦ ਵੀ ਪਾਠ ਹੋ ਰਿਹਾ ਸੀ ਅਤੇ ਤਦ ਹੀ ਚੁਪ ਹੋਇਆ ਜਦ ਜਪੁਜੀ ਦਾ ਪਾਠ ਸੰਪੂਰਨ ਹੋਇਆ। ਇਹ ਗੁਰੂ ਜੀ ਦੀ ਬਖਸ਼ਿਸ਼ ਦਾ ਚਮਤਕਾਰ ਸੀ। ਭਾਈ ਦਿਆਲਾ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਠਾ ਕੇ ਸ਼ਹੀਦ ਕਰ ਦਿਤਾ ਗਿਆ। ਦਸਦੇ ਹਨ ਕਿ ਤੀਜੇ ਗੁਰਸਿੱਖ ਭਾਈ ਸਤੀਦਾਸ ਨੂੰ ਸਰੀਰ ਉਤੇ ਰੂੰ ਲਪੇਟ ਕੇ ਅੱਗ ਵਿੱਚ ਭੁੰਨ ਦਿੱਤਾ ਗਿਆ ਸੀ। ਸ਼ਾਹੀ ਅਧਿਕਾਰੀਆਂ ਨੇ ਸੋਚਿਆ ਸੀ ਕਿ ਇਹਨਾਂ ਸਿੱਖਾਂ ਉਤੇ ਉਨ੍ਹਾਂ ਦੇ ਸਾਹਮਣੇ ਦਿਤੇ ਅਤਿਆਚਾਰ ਗੁਰੂ ਜੀ ਨੂੰ ਡੁਲਾ ਦੇਣਗੇ। ਰੱਬ ਜੋਤਿ (ਗੁਰੂ ਜੀ) ਨੂੰ ਕੁਝ ਵੀ ਡੋਲਾ ਨਹੀਂ ਸੀ ਸਕਦਾ ਅਤੇ ਨਾ ਹੀ ਡੋਲਾਇਆ।

ਸਿੱਖਾਂ ਵਿੱਚ ਕਈ ਇਹ ਮੰਨਦੇ ਹਨ ਕਿ ਜਦ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਣ ਤੋਂ ਪਹਿਲੋਂ ਦਿੱਲੀ ਜੇਲ੍ਹ ਵਿੱਚ ਕੈਦ ਸਨ ਤਾਂ ਉਨ੍ਹਾਂ ਅਤੇ ਉਨ੍ਹਾਂ ਦੇ ਸਪੁੱਤਰ ਵਿਚਕਾਰ ਕੁਝ ਸੰਦੇਸ਼ ਆਏ ਗਏ ਸਨ। ਸਾਖੀ ਇਸ ਤਰ੍ਹਾਂ ਹੈ ਕਿ ਆਪਣੀ ਸ਼ਹੀਦੀ ਦੀ ਅਗਾਊਂ ਸੋਝੀ ਹੋਣ ਤੇ ਗੁਰੂ ਜੀ ਆਪਣੇ ਨੌਂ ਵਰ੍ਹੇ ਦੀ ਉਮਰ ਦੇ ਸਪੁੱਤਰ ਦੀ ਯੋਗਤਾ ਪਰਖਣਾ ਚਾਹੁੰਦੇ ਸਨ ਅਤੇ ਇਸਲਈ ਉਨ੍ਹਾਂ ਨੇ ਹੇਠ ਲਿਖਿਆ ਸਲੋਕ ਸਪੁੱਤਰ ਨੂੰ ਲਿਖ ਭੇਜਿਆ :

"ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।"

(ਸਲੋਕ ਮਹਲਾ ੯ (੫੩), ਪੰਨਾ ੧੪੨੯)

ਅਗੋਂ ਬਾਲਕ ਗੋਬਿੰਦ ਰਾਇਨੇ ਉਤਰ ਲਿਖ ਭੇਜਿਆ :
"ਬਲੁ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।
ਨਾਨਕ ਸਭ ਕਿਛੁ ਤੁਮਰੈ ਹਾਥ ਮਹਿ ਤੁਮ ਹੀ ਹੋਤ ਸਹਾਇ।"

(ਸਲੋਕ ਮਹਲਾ ੯ (੫੪), ਪੰਨਾ ੧੪੨੯)

ਇਹ ਆਮ ਰਾਇ ਹੈ ਕਿ ਇਹ ਉਤਰ ਮਿਲਣ ਤੇ ਗੁਰੂ ਜੀ ਨੂੰ ਯਕੀਨ ਹੋ ਗਿਆ ਕਿ ਉਨ੍ਹਾਂ ਦਾ ਸਪੁੱਤਰ ਗੁਰਗੱਦੀ ਦੇ ਯੋਗ ਹੈ।

ਆਉ ਇਸ ਸਾਖੀ ਦੀ ਸਚਾਈ ਦਾ ਜਾਂਚ ਕਰੀਏ :

ਪਹਿਲੀ ਗਲ, ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ ੧੪੨੬-੨੯ ਤੇ ੫੭ ਸਲੋਕ "ਸਲੋਕ ਮਹਲਾ ੯" ਸਿਰਲੇਖ ਹੇਠ ਅੰਕਿਤ ਹਨ। ਇਸ ਸਿਰਲੇਖ ਦਾ ਭਾਵ ਹੈ ਕਿ ਇਹ ਸਾਰੇ ਸਲੋਕ ਨੌਵੇਂ ਗੁਰੂ ਜੀ ਦੇ ਉਚਾਰਨ ਕੀਤੇ ਹੋਏ ਹਨ।ਬਵੰਜਵੇਂ ਸਲੋਕ ਤੋਂ ਬਾਦ "ਦੋਹਰਾ" ਹੈ। ਪਰ ਦੋਹਰੇ ਨਾਲ "ਮਹਲਾ" ਤਾਂ ਨਹੀਂ ਬਦਲਿਆ। ਮਹਲਾ ਤਾਂ ਨੌਵਾਂ ਹੀ ਰਿਹਾ।

ਦੂਜਾ, ਇਹ ਕਹਿਣਾ ਕਿਥੋਂ ਤਕ ਠੀਕ ਹੈ ਕਿ ਗੁਰੂ ਜੀ ਆਪਣੇ ਸਪੁੱਤਰ ਦੀ ਯੋਗਤਾ ਪਰਖਣਾ ਚਾਹੁੰਦੇ ਸਨ ? ਇਲਾਹੀ ਗੁਰੂ ਹੁੰਦਿਆਂ ਅਤੇ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਤੇ ਬੈਠਿਆਂ ਉਨ੍ਹਾਂ ਨੂੰ ਆਪਣੇ ਆਪ ਪਤਾ ਨਹੀਂ ਸੀ ਕਿ ਸਪੁੱਤਰ ਯੋਗ ਹੈ ? ਉਨ੍ਹਾਂ ਨੂੰ ਪੁੱਛਣ ਦੀ ਲੋੜ ਸੀ ?

ਤੀਜਾ, ਜੇ ਇਹ ਦਲੀਲ ਦਿਤੀ ਜਾਂਦੀ ਹੈ ਕਿ ਗੋਬਿੰਦ ਰਾਇ ਦੀ ਛੋਟੀ ਉਮਰ ਕਰਕੇ ਗੁਰੂ ਜੀ ਨੂੰ ਫਿਕਰ ਸੀ ਕਿ ਇਹ ਗੁਰਗੱਦੀ ਸੰਭਾਲ ਸਕੇਗਾ, ਤਾਂ ਅਠਵੇਂ ਗੁਰੂ ਜੀ ਸਬੰਧੀ ਕੀਹ ਕਹੋਗੇ ? ਅੱਠਵੇਂ ਗੁਰੂ ਜਦ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਤਾਂ ਕੇਵਲ ਪੰਜ ਵਰ੍ਹੇ ਦੀ ਉਮਰ ਦੇ ਸਨ। ਸੋ ਇਸ ਦਲੀਲ ਵਿੱਚ ਕਿੰਨਾ ਕੁ ਜੋਰ ਹੈ ਕਿ ਗੋਬਿੰਦ ਰਾਇ ਜੀ ਬਹੁਤ ਛੋਟੀ ਉਮਰ ਦੇ ਸਨ ?

ਚੌਥਾ, ਜਿਵੇਂ ਪਹਿਲਾਂ ਹੀ ਦਰਸਾਇਆ ਹੈ, ਕਿ ਗੁਰਗੱਦੀ ਵਾਸਤੇ ਉਮਰ, ਤਜਰਬਾ ਅਤੇ ਬੁੱਧੀ ਦਾ ਸਵਾਲ ਨਹੀਂ ਉਠਦਾ। ਇੱਕ ਵਾਰੀ ਜਿਸ ਵਿਅਕਤੀ ਨੂੰ ਗੁਰਗੱਦੀ ਤੇ ਬਿਠਾ ਦਿਤਾ ਜਾਂਦਾ ਹੈ ਤਾਂ ਰੱਬੀ ਸ਼ਕਤੀ ਆਪਣੇ ਆਪ ਕਾਰਜ ਕਰਨ ਲਗ ਜਾਂਦੀ ਹੈ, ਬਾਕੀ ਗੱਲਾਂ ਦਾ ਕੋਈ ਸਵਾਲ ਨਹੀਂ।

ਆਖਰੀ ਸਭ ਤੋਂ ਜ਼ਰੂਰੀ ਸੂਚਨਾ ਕਿ ਇਹ ਇਲਾਹੀ ਬਾਣੀ ਹੈ ਜੋ ਧੁਰੋਂ ਗੁਰੂ ਹਿਰਦੇ ਵਿੱਚ ਉਤਰੀ ਜਿਸਦੀ ਬਾਬਤ ਗੁਰੂ ਸਾਹਿਬਾਨ ਨੇ ਬਾਰ ਬਾਰ ਕਿਹਾ ਹੈ–

"ਤਾਂ ਮੈਂ ਕਹਿਆ ਕਹਣੁ ਜਾ ਤੁਝੈ ਕਹਾਇਆ।" (ਪੰਨਾ ੫੬੬)

ਗੁਰਬਾਣੀ ਆਮ ਕਵਿਤਾ ਨਹੀਂ ਹੈ ਇਹ ਧੁਰ ਕੀ ਬਾਣੀ ਹੈ ਅਤੇ ਸਿਰਫ ਗੁਰੂ ਜੀ ਨੂੰ ਹੀ ਆਈ। ਨੌ ਸਾਲ ਦਾ ਗੋਬਿੰਦ ਰਾਇ ਜੀ ਅਜੇ ਗੁਰੂ ਨਹੀਂ ਸੀ ਤਾਂ ਬਾਣੀ ਕਿਵੇਂ ਉਚਾਰਦਾ?

ਸੋ ਇਹਨਾਂ ਹਾਲਾਤ ਵਿੱਚ ਇਹ ਪੱਕਾ ਜਾਪਦਾ ਹੈ ਕਿ ਸਾਰੇ ੫੭ ਸਲੋਕ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਹੈ ਅਤੇ ਇਹਨਾਂ ਵਿਚੋਂ ਕੋਈ ਵੀ ਦਸਵੇਂ ਗੁਰੂ ਜੀ ਦੀ ਨਹੀਂ।

ਗੁਰੂ ਜੀ ਨੂੰ ਅੰਤਲਾ ਸੰਦੇਸ਼ ਇਹ ਮਿਲਿਆ ਕਿ "ਆਪ ਇਸਲਾਮ ਧਰਮ ਅਪਨਾ ਲਵੋ ਜਾਂ ਇੱਕ ਕਰਾਮਾਤ ਦਿਖਾਓ। ਜੇ ਆਪ ਕਰਾਮਾਤ ਦਿਖਾਉਂਦੇ ਹੋ ਤਾਂ ਗੁਰੂ ਕਾਇਮ ਰਹੋਗੇ। ਜੇ ਇਸਲਾਮ ਅਪਨਾ ਲੈਂਦੇ ਹੋ ਤਾਂ ਆਪ ਇੱਕ ਬਹੁਤ ਉਚੀ ਪਦਵੀ ਤੇ ਪੁਚਾ ਦਿਤੇ ਜਾਵੋਗੇ। ਜੇ ਇਹ ਤਜਵੀਜ਼ਾਂ ਨਹੀਂ ਮੰਨੋਗੇ ਤਾਂ ਆਪ ਨੂੰ ਕਤਲ ਕਰ ਦਿਤਾ ਜਾਏਗਾ।"

ਗੁਰੂ ਜੀ ਨੇ ਜ਼ੋਰ ਸਹਿਤ ਉਤਰ ਦਿੱਤਾ, "ਮੈਂ ਆਪਣਾ ਧਰਮ ਕਦੇ ਵੀ ਨਹੀਂ ਛੱਡਾਂਗਾ। ਮੈਨੂੰ ਇਸ ਜੀਵਨ ਵਿੱਚ ਕੋਈ ਉਚ ਪਦਵੀ ਦੀ ਚਾਹਣਾ ਨਹੀਂ; ਮੈਂ ਅਗਲੇ ਜਨਮ ਵਿੱਚ ਆਦਰ ਸਤਿਕਾਰ ਚਾਹੁੰਦਾ ਹਾਂ। ਮੌਤ ਦੀ ਧਮਕੀ ਦਾ ਮੈਨੂੰ ਡਰ ਨਹੀਂ। ਮੌਤ ਲਈ ਮੈਂ ਤਿਆਰ ਹਾਂ ਅਤੇ ਇਸ ਨੂੰ ਖੁਸ਼ੀ ਨਾਲ ਪ੍ਰਵਾਨ ਕਰਦਾ ਹਾਂ।"

ਇਹ ਉਤਰ ਸੁਣ ਕੇ ਹੁਕਮ ਹੋ ਗਿਆ ਕਿ ਗੁਰੂ ਜੀ ਨੂੰ ਕਤਲ ਕਰ ਦੇਣਾ ਚਾਹੀਦਾ ਹੈ। ਸਯੱਦ ਅਹਿਮਦ ਸ਼ਾਹ, ਦਰਬਾਰੀਆਂ ਅਤੇ ਕਾਜ਼ੀਆਂ ਨਾਲ, ਗੁਰੂ ਜੀ ਨੂੰ ਕਤਲ ਕਰ ਦੇਣ ਲਈ ਵਾਰੰਟ ਲੈ ਕੇ ਆਇਆ। ਬਹੁਤ ਸਾਰੇ ਲੋਕ ਇਹ ਕੌਤਕ ਵੇਖਣ ਲਈ ਆ ਇਕੱਠੇ ਹੋਏ। ਤਦ ਗੁਰੂ ਜੀ ਨੂੰ ਪਿੰਜਰੇ ਵਿੱਚੋਂ ਕੱਢਿਆ ਗਿਆ। ਉਹਨਾਂ ਪੰਜ–ਇਸ਼ਨਾਨਾਂ ਕਰਕੇ ਬੋਹੜ ਦੇ ਬਿਰਛ ਹੇਠ ਬੈਠ ਜਪੁਜੀ ਦਾ ਪਾਠ ਕੀਤਾ। ਜੱਲਾਦ ਜਲਾਲ–ਉ–ਦੀਨ (ਕਈ ਕਹਿੰਦੇ ਹਨ ਜੱਲਾਦ ਆਦਮ ਸ਼ਾਹ ਸੀ) ਨੇ ਆਪਣੀ ਤਲਵਾਰ ਕੱਢੀ ਅਤੇ ਇਕਦਮ ਗੁਰੂ ਜੀ ਦਾ ਸੀਸ ਧੜ ਨਾਲੋਂ ਕੱਟ ਦਿੱਤਾ। ਇਹ ਵੀਰਵਾਰ ਦੁਪਹਿਰ ਪਿਛੋਂ, ਪੰਜ ਸੁਦੀ ਮੱਘਰ, ਸੰਮਤ ੧੭੩੨ (੧੧ ਨਵੰਬਰ, ੧੬੭੫) ਨੂੰ ਚਾਂਦਨੀ ਚੌਕ, ਦਿੱਲੀ ਵਿੱਚ ਵਾਪਰਿਆ ਜਿਥੇ ਇਸ ਯਾਦ ਵਿੱਚ ਅੱਜਕਲ੍ਹ ਗੁਰਦੁਆਰਾ ਸੀਸ ਗੰਜ ਸਾਹਿਬ ਸਥਿਤ ਹੈ। ਇਹ ਗੁਰਦੁਆਰਾ ਸਰਦਾਰ ਬਘੇਲ ਸਿੰਘ ਕਰੋੜ-ਸਿੰਘੀਏ ਨੇ ਸੰਨ ੧੭੯੦ ਵਿੱਚ ਬਣਵਾਇਆ ਸੀ।

ਇਤਿਹਾਸ ਦਸਦਾ ਹੈ ਕਿ ਇਸ ਅਤਿਆਚਾਰ ਤੋਂ ਇਕਦਮ ਪਿਛੋਂ ਇੱਕ ਭਿਆਨਕ ਝੱਖੜ ਆਇਆ ਜਿਸ ਨੇ ਲੋਕਾਂ ਦੀਆਂ ਅੱਖਾਂ ਘੰਟੇ ਮਿੱਟੀ ਨਾਲ ਭਰ ਦਿੱਤੀਆਂ। ਉਸ ਭੀੜ ਵਿਚੋਂ ਭਾਈ ਜੈਤਾ ਦੌੜ ਕੇ ਆਇਆ ਅਤੇ ਇਕਦਮ ਗੁਰੂ ਜੀ ਦਾ ਪਾਵਨ ਸੀਸ ਚੁੱਕਕੇ ਅਨੰਦਪੁਰ ਲੈ ਗਿਆ।[੪] ਉਹ ਕੀਰਤਪੁਰ ੧੫ ਨਵੰਬਰ ੧੬੭੫ ਨੂੰ ਪੁੱਜਾ। ਉਥੋਂ ਪੂਰੇ ਸਤਿਕਾਰ ਨਾਲ ਸੀਸ ਨੂੰ ਅਨੰਦਪੁਰ ਲਿਜਾਇਆ ਗਿਆ, ਜਿਥੇ ਪੂਰਨ ਮਰਿਆਦਾ ਅਨੁਸਾਰ ਇਸ ਦਾ ਸਸਕਾਰ ਕੀਤਾ ਗਿਆ। ਉਸ ਅਸਥਾਨ ਤੇ ਵੀ ਅਨੰਦਪੁਰ ਵਿੱਚ ਸੀਸ ਗੰਜ ਗੁਰਦੁਆਰਾ ਬਣਿਆ ਹੋਇਆ ਹੈ। ਦਸਵੇਂ ਗੁਰੂ ਜੀ ਨੇ ਭਾਈ ਜੈਤਾ, ਜੋ ਪਛੜੀਆਂ ਜਾਤਾਂ ਵਿਚੋਂ ਸੀ, ਦਾ ਸਵਾਗਤ ਕੀਤਾ, ਛਾਤੀ ਨਾਲ ਲਾਇਆ, ਅਤੇ ਬਚਨ ਕੀਤਾ, "ਰੰਘਰੇਟੇ ਗੁਰੂ ਕੇ ਬੇਟੇ।" (ਰੰਘਰੇਟਾ ਭਾਈ ਜੈਤਾ ਦੀ ਜਾਤ ਸੀ।) ਭਾਈ ਜੈਤਾ ਨੇ ਜਵਾਨ ਗੁਰੂ ਜੀ ਅਤੇ ਉਨ੍ਹਾਂ ਦੇ ਪਰਵਾਰ ਨੂੰ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਨੇ ਪੰਜ ਪੈਸੇ ਅਤੇ ਇੱਕ ਨਰੇਲ ਮੰਗਵਾਏ ਸਨ ਅਤੇ ਗੋਬਿੰਦ ਰਾਇ ਜੀ ਨੂੰ ਨਮਸਕਾਰ ਕਰਕੇ ਅਗਲੇ ਗੁਰੂ ਥਾਪੇ ਅਤੇ ਆਪਣੀ ਜੋਤਿ ਇਨ੍ਹਾਂ ਵਿੱਚ ਭਰ ਦਿੱਤੀ ਸੀ।

ਲੱਖੀਸ਼ਾਹ ਲੁਬਾਣਾ ਦਿੱਲੀ ਦਾ ਇੱਕ ਪ੍ਰਸਿੱਧ ਠੇਕੇਦਾਰ ਅਤੇ ਗੁਰੂ ਜੀ ਦਾ ਸਿੱਖ ਸੀ। ਉਸ ਨੇ ਆਪਣੇ ਚੂਨੇ ਨਾਲ ਲੱਦੇ ਗੱਡੇ ਲਾਲ ਕਿਲ੍ਹੇ ਵਿੱਚ ਖਾਲੀ ਕੀਤੇ ਅਤੇ ਹਨੇਰੇ ਅਤੇ ਮੁਗਲ ਸੰਤਰੀਆਂ ਦੀ ਲਾਪਰਵਾਹੀ ਦਾ ਲਾਭ

ਲੈਂਦਿਆਂ, ਅਪਣੇ ਪੁਤਰਾਂ, ਨਗਾਹੀਆ, ਹੇਮਾ, ਹਾੜੀ, ਅਤੇ ਮਿਤਰ ਧੂਮਾ, ਦੀ ਸਹਾਇਤਾ ਨਾਲ ਗੁਰੂ ਜੀ ਦਾ ਪਵਿੱਤਰ ਸਰੀਰ ਇੱਕ ਗੱਡੇ ਵਿੱਚ ਲੱਦ ਕੇ ਝਟਪਟ ਲੈ ਤੁਰੇ। ਸਰਕਾਰ ਵਲੋਂ ਸਜ਼ਾ ਦੇ ਡਰ ਕਾਰਨ ਮੱਖਣ ਸ਼ਾਹ ਅਤੇ ਉਸ ਦੇ ਪੁੱਤਰਾਂ ਨੇ ਆਪਣੇ ਘਰ ਵਿੱਚ ਗੁਰੂ ਜੀ ਦੇ ਧੜ ਲਈ ਚਿਤਾ ਬਣਾ ਕੇ ਘਰ ਨੂੰ ਹੀ ਅੱਗ ਲਾ ਦਿਤੀ। ਜਦ ਗੁਰੂ ਜੀ ਦਾ ਧੜ ਪੂਰਾ ਸੜ ਕੇ ਸਵਾਹ ਹੋ ਗਿਆ ਤਾਂ ਉਹਨਾ ਨੇ ਬਾਹਰ ਆ ਕੇ ਰੌਲਾ ਪਾ ਦਿਤਾ ਕਿ ਘਰ ਨੂੰ ਅੱਗ ਲਗ ਗਈ ਹੈ, ਅਤੇ ਗਵਾਂਢੀਆਂ ਨੂੰ ਪੁਕਾਰਿਆ ਕਿ ਆ ਕੇ ਅੱਗ ਬੁਝਾਉਣ ਲਈ ਸਹਾਇਤਾ ਕਰਨ। ਅਗਲੇ ਦਿਨ ਉਹਨਾਂ ਨੇ ਅਸਥੀਆਂ, ਆਦਿ ਇਕੱਠੀਆਂ ਕਰਕੇ ਇੱਕ ਤਾਂਬੇ ਦੀ ਛੋਟੀ ਗਾਗਰ ਵਿੱਚ ਪਾ ਕੇ ਚਿਤਾ ਵਾਲੀ ਥਾਂ ਤੇ ਟੋਆ ਕੱਢ ਕੇ ਦੱਬ ਦਿੱਤਾ। ਇਸ ਸਥਾਨ ਤੇ ਨਵੀਂ ਦਿੱਲੀ ਵਿੱਚ ਪਾਰਲੀਮੈਂਟ ਭਵਨ ਦੇ ਨੇੜੇ ਗੁਰਦੁਆਰਾ ਰਕਾਬ ਗੰਜ ਬਣਿਆ ਹੋਇਆ ਹੈ।

''ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ।
ਤੇਗ ਬਹਾਦਰ ਸੀ ਕਿਰਿਆ ਕਰੀ ਨ ਕਿਨਹੂੰ ਆਨ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗੁ ਭਯੋ ਜੈ ਜੈ ਜੈ ਸੁਰ ਲੋਕ।

(ਗੁਰੂ ਗੋਬਿੰਦ ਸਿੰਘ ਜੀ, ਬਚਿਤਰ ਨਾਟਕ)

੧. ਗੁਰੂ ਜੀ ਸੋਢੀ ਵੰਸ ਵਿਚੋਂ ਸਨ।

੨. ਕਿਹਾ ਜਾਂਦਾ ਹੈ ਕਿ ਉਸ ਸਮੇਂ ਬਾਦਸ਼ਾਹ ਹਸਨ ਅਬਦਾਲ ਸੀ ਪਰ ਉਸ ਨੂੰ ਗੁਰੂ ਜੀ ਦੇ ਰੁਝੇਵਿਆਂ ਬਾਰੇ ਲਗਾਤਾਰ ਖਬਰ ਭੇਜੀ ਜਾਂਦੀ ਸੀ।

੩. ਕਈ ਲੇਖਕ ਕਹਿੰਦੇ ਹਨ ਕਿ ਉਸ ਸਮੇਂ ਔਰੰਗਜ਼ੇਬ ਦਿਲੀ ਨਹੀਂ ਸੀ ਕਿਉਂਕਿ ਉਹ ਇਕ ਮੁਹਿੰਮ ਤੇ ਹਸਨ ਅਬਦਾਲ ਗਿਆ ਹੋਇਆ ਸੀ। ਪਰ ਗੁਰੂ ਜੀ ਸ਼ਹੀਦੀ ਉਸਦੇ ਹੁਕਮ ਨਾਲ ਹੋਈ ਸੀ। ਦੂਸਰੇ ਕਹਿੰਦੇ ਹਨ ਕਿ ਸਾਰੀ ਗਲਬਾਤ ਸਿਧੀ ਗੁਰੂ ਜੀ ਤੇ ਬਾਦਸ਼ਾਹ ਵਿਚਕਾਰ ਹੋਈ ਸੀ ਕਿਉਂਕਿ ਇਹੀ ਇਕ ਸਭ ਤੋਂ ਵੱਧ ਜ਼ਰੂਰੀ ਮੌਕਾ ਸੀ ਕਿ ਔਰੰਗਜ਼ੇਬ ਅੰਤ ਵਿਚ ਖਲਕਤ ਨੂੰ ਮੁਸਲਮਾਨ ਬਣਾ ਲਵੇਗਾ।

੪. ਕਿਹਾ ਜਾਂਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਭਾਈ ਜੈਤਾ ਨੂੰ ਬਚਨ ਕੀਤਾ ਸੀ ਕਿ ਉਨ੍ਹਾਂ ਦਾ ਸੀਸ ਉਸਦੀ ਝੋਲੀ ਵਿਚ ਆ ਜਾਵੇਗਾ ਅਤੇ ਉਸ ਨੇ ਕਿਸੇ ਤਰ੍ਹਾਂ ਡਰਨਾ ਨਹੀਂ; ਸੀਸ ਅਨੰਦਪੁਰ ਲੈ ਜਾਕੇ ਇਸਦਾ ਸਸਕਾਰ ਕਰਾਉਣਾ। ਇਹ ਵੀ ਦੱਸਿਆ ਜਾਂਦਾ ਹੈ ਕਿ ਭਾਈ ਜੈਤਾ ਨੇ ਇਹ ਭੇਤ ਅਪਣੇ ਗਵਾਂਢੀ ਭਾਈ ਨਾਨੂ ਨਾਲ ਸਾਂਝਾ ਕੀਤਾ ਅਤੇ ਲਾਡਵਾ ਦੇ ਵਾਸੀ ਭਾਈ ਊਦੇ ਨਾਲ ਭੀ ਸਾਂਝਾ ਕੀਤਾ। ਤਿਨਾਂ ਨੇ ਮਿਲ ਕੇ ਗੁਰੂ ਜੀ ਦਾ ਸੀਸ ਅਨੰਦਪੁਰ ਲਿਆਂਦਾ।